| ਕੁੱਲ ਫੀਸ (ਲੜਕੀਆਂ ਲਈ) | 8696.00 | 7396.00 | 8296.00 |

**ਲੈਬ ਫੰਡ : ਬੀ. ਏ./ਬੀ.ਕਾਮ./ ਬੀ.ਐਸ.ਸੀ.-I,II,III**

| | |
|---|---|
| ਕੈਮਿਸਟਰੀ | 240.00 |
| ਬਾਇਓਲੋਜੀ | 480.00 |
| ਫਿਜਿਕਸ ਫੰਡ | 240.00 |
| ਜੌਗਰਫੀ ਫੰਡ | 120.00 |
| ਸਾਈਕਲ ਫੰਡ | 50.00 |
| ਸਕੂਟਰ ਫੰਡ | 100.00 |
| ਕੰਪਿ. ਐਪਲੀ. | 500.00 |
| ਮਿਊਜ਼ਿਕ ਫੰਡ | 240.00 |
| ਫਾਈਨ ਆਰਟ ਫੰਡ | 240.00 |

## ਸੈਲਫ ਫਾਇਨਾਂਸਡ ਸਕੀਮ (HEIS) ਅਧੀਨ ਚੱਲ ਰਹੇ ਕੋਰਸਾਂ ਦੀਆਂ ਫੀਸਾਂ ਦਾ ਵੇਰਵਾ

| Sr. No. | Semester I & II | Semester III & IV | Semester V & VI |
|---|---|---|---|
| M.Sc.-IT - I & II | 25000 (Boys)<br>24100 (Girls) | 24000 (Boys)<br>23100 (Girls) | .............. |
| M.Sc. (IT)<br>Letral Entry | 25000 (Boys)<br>24100 (Girls) | .............. | .............. |
| BCA-I, II, III | 23000 (Boys)<br>22185 (Girls) | 22000 (Boys)<br>21185 (Girls) | 22000 (Boys)<br>21185 (Girls) |
| PGDCA | 15000 (Boys)<br>14400 (Girls) | .............. | .............. |
| PG Diploma in Dress Designing & Tailoring | 11000 (Boys)<br>10571 (Girls) | .............. | .............. |
| Diploma in Computer Hardware & Networking | 11000 (Boys)<br>10571 (Girls) | .............. | .............. |

ਨੋਟ : ਇਸ ਤੋਂ ਇਲਾਵਾ ਬੀ.ਏ., ਬੀ.ਕਾਮ, ਬੀ.ਐਸ.ਸੀ. ਭਾਗ ਪਹਿਲਾ ਦਾ ਵਿਦਿਆਰਥੀ ਯੂਨੀਵਰਸਿਟੀ ਆਨ-ਲਾਈਨ ਦਾਖ਼ਲਾ ਫੀਸ (ਸਾਲਾਨਾ) 150/- ਰੁ: ਭਰੇਗਾ । ਇਹ ਫੀਸ ਐਸ.ਸੀ. ਵਿਦਿਆਰਥੀ ਲਈ 100 ਰੁ: ਹੋਵੇਗੀ । ਭਾਗ ਦੂਜਾ, ਤੀਜਾ ਵਿੱਚ ਦਾਖਲਾ ਹੋਣ ਵਾਲੇ ਨਵੇਂ ਵਿਦਿਆਰਥੀ ਤੋਂ ਲਾਇਬਰੇਰੀ ਸਕਿਓਰਿਟੀ ਫੀਸ 20 ਰੁ: ਲਈ ਜਾਵੇਗੀ।

*** ਲੜਕੀਆਂ ਲਈ ਟਿਊਸ਼ਨ ਫੀਸ ਮੁਆਫ਼ ਹੈ।**

**ਮਾਇਗ੍ਰੇਸ਼ਨ ਫੀਸ (ਬਾਹਰਲੇ ਬੋਰਡ) 150.00 ਰੁਪਏ ਲਈ ਜਾਵੇਗੀ ।**

**ਨੋਟ :1. ਉਪਰੋਕਤ ਫੀਸਾਂ ਦੇ ਵਿੱਚ ਪੰਜਾਬ ਸਰਕਾਰ ਜਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਜੇਕਰ ਕੋਈ ਤਬਦੀਲੀ ਹੁੰਦੀ ਹੈ ਤਾਂ ਉਹ ਵਿਦਿਆਰਥੀਆਂ ਉੱਪਰ ਲਾਗੂ ਹੋਵੇਗੀ ।**

**2. ਐਸ.ਸੀ. / ਐਸ.ਟੀ. ਵਿਦਿਆਰਥੀਆਂ ਤੋਂ ਪ੍ਰੀਖਿਆਫਾਰਮ ਫੀਸ, ਲਾਇਬ੍ਰੇਰੀ ਸਿਕਿਊਰਿਟੀ ਫੀਸ ਅਤੇ ਪੀ.ਟੀ.ਏ. ਲਿਆ ਜਾਵੇਗਾ ।**

## ਅਨੁਸੂਚਿਤ ਜਾਤੀਆਂ/ ਕਬੀਲਿਆਂ ਦੇ ਵਿਦਿਆਰਥੀਆਂ ਲਈ ਫੀਸ ਮੁਆਫ਼ੀ

1. ਅਨੁਸੂਚਿਤ ਜਾਤੀਆਂ/ ਕਬੀਲਿਆਂ ਦੇ ਉਹਨਾਂ ਵਿਦਿਆਰਥੀਆਂ ਦੀ ਦਾਖ਼ਲਾ / ਟਿਊਸ਼ਨ ਫੀਸ ਤੇ ਹੋਰ ਨਾਨ-ਰਿਫੰਡੇਬਲ ਫੀਸ ਮੁਆਫ਼ ਹੋਵੇਗੀ, ਜਿਨ੍ਹਾਂ ਦੇ ਪਰਿਵਾਰ ਦੀ ਸਾਰੇ ਸਾਧਨਾਂ ਤੋਂ ਕੁੱਲ ਆਮਦਨ 2.5 ਲੱਖ ਤੋਂ ਵੱਧ ਨਾ ਹੋਵੇ ।
2. ਉਪਰੋਕਤ ਜਾਤੀਆਂ/ ਕਬੀਲਿਆਂ ਦੇ ਵਿਦਿਆਰਥੀ ਆਪਣੀ ਫੀਸ ਮੁਆਫ਼ੀ ਦੇ ਸਬੂਤ ਵਜੋਂ ਲੋੜੀਂਦੇ ਦਸਤਾਵੇਜ ਜਿਵੇਂ ਜਾਤੀ ਸਰਟੀਫਿਕੇਟ, ਆਧਾਰ ਕਾਰਡ ਦਾਖਲਾ ਕਮੇਟੀ ਪਾਸ ਪੇਸ਼ ਕਰੇਗਾ ।

## ਫੀਸਾਂ/ਜ਼ੁਰਮਾਨੇ ਸੰਬੰਧੀ ਹਦਾਇਤਾਂ

1. ਦਾਖ਼ਲੇ ਸਮੇਂ ਵਿਦਿਆਰਥੀ ਨੂੰ 12 ਮਹੀਨਿਆਂ ਦੀ ਫੀਸ, ਹੋਰ ਸਾਲਾਨਾ ਫੰਡ ਆਦਿ ਦੀ ਰਕਮ ਅਦਾ ਕਰਨੀ ਪਵੇਗੀ। ਸੈਲਫ ਫਾਇਨਾਂਸਡ ਵਿਭਾਗ ਵਿੱਚ ਦਾਖਲਾ ਲੈਣ ਵਾਲੇ ਜਰੂਰਤਮੰਦ ਵਿਦਿਆਰਥੀ 6 ਮਹੀਨੇ ਦੀ ਫੀਸ ਭਰ ਸਕਦੇ ਹਨ।
2. ਜਿਨ੍ਹਾਂ ਵਿਦਿਆਰਥੀਆਂ ਦੇ ਨਾਂ, ਇੱਕ ਜਾਂ ਇੱਕ ਤੋਂ ਵੱਧ ਵਿਸ਼ਿਆਂ ਵਿੱਚ ਦਸ ਦਿਨਾਂ ਤੋਂ ਜਿਆਦਾ ਗੈਰ ਹਾਜ਼ਰ/ਫੀਸ ਜਮ੍ਹਾਂ ਨਾ ਕਰਵਾਉਣ ਜਾਂ ਕਿਸੇ ਹੋਰ ਕਾਰਨ ਵਜੋਂ ਕੱਟੇ ਜਾਣਗੇ, ਉਹਨਾਂ ਨੂੰ ਮੁੜ ਦਾਖ਼ਲਾ ਫੀਸ, ਰਜਿਸਟਰੇਸ਼ਨ ਫੀਸ ਅਤੇ ਉਹਨਾਂ ਵੱਲ ਬਕਾਇਆ ਰਾਸ਼ੀ ਜ਼ੁਰਮਾਨੇ ਸਮੇਤ ਅਦਾ ਕਰਨੀ ਪਵੇਗੀ। ਇਹ ਮੁੜ ਦਾਖ਼ਲਾ (Re-Admission) ਕੇਵਲ ਇੱਕ ਵਾਰ ਹੀ ਪ੍ਰਿੰਸੀਪਲ ਸਾਹਿਬ ਦੀ ਇਸ ਗੱਲ ਤੇ ਤਸੱਲੀ ਹੋਣ ਉਪਰੰਤ ਹੀ ਹੋ ਸਕਦਾ ਹੈ ਕਿ ਗੈਰਹਾਜ਼ਰੀ ਦਾ ਕਾਰਨ ਜਾਇਜ਼ ਸੀ।
3. ਦਫ਼ਤਰ ਵੱਲੋਂ ਸੂਚਿਤ ਮਿਤੀਆਂ ਨੂੰ ਫੀਸਾਂ ਅਤੇ ਜ਼ੁਰਮਾਨੇ ਭਰਨੇ ਜ਼ਰੂਰੀ ਹਨ। ਨਿਸ਼ਚਿਤ ਮਿਤੀ ਤੋਂ ਬਾਅਦ ਯੂਨੀਵਰਸਿਟੀ

ਨਿਯਮਾਂ ਅਨੁਸਾਰ ਬਣਦਾ ਜ਼ੁਰਮਾਨਾ ਲਿਆ ਜਾਵੇਗਾ ਅਤੇ ਨਿਸ਼ਚਿਤ ਮਿਤੀ ਤੋਂ 20 ਦਿਨ ਦੇ ਅੰਦਰ-ਅੰਦਰ ਫੀਸ ਨਾ ਭਰਨ ਵਾਲੇ ਵਿਦਿਆਰਥੀ ਦਾ ਨਾਂ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ।

4. ਫੀਸ ਆਨਲਾਈਨ ਹੀ ਭਰੀ ਜਾਵੇਗੀ । ਇਸ ਸਬੰਧੀ ਜੇਕਰ ਕੋਈ ਦਿੱਕਤ ਆਉਂਦੀ ਹੈ ਤਾਂ ਦਫਤਰ ਨਾਲ ਸੰਪਰਕ ਕੀਤਾ ਜਾਵੇ ।
5. ਨਿਸ਼ਚਿਤ ਸਮੇਂ ਤੇ ਫੀਸ ਨਾ ਦੇਣ ਲਈ ਕਲਾਸ ਤੋਂ ਗੈਰਹਾਜ਼ਰੀ ਆਦਿ ਦਾ ਕਾਰਨ ਮੰਨਿਆ ਨਹੀਂ ਜਾਵੇਗਾ।
6. **ਜਿਹੜੇ ਵਿਦਿਆਰਥੀ ਕਾਲਜ ਛੱਡ ਜਾਂਦੇ ਹਨ, ਉਹ ਕਾਲਜ ਛੱਡਣ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ-ਅੰਦਰ ਲਾਇਬਰੇਰੀ ਜ਼ਮਾਨਤ (Security) ਵਾਪਸ ਲੈ ਸਕਦੇ ਹਨ। ਇੱਕ ਸਾਲ ਤੋਂ ਬਾਅਦ ਲਾਇਬਰੇਰੀ ਜ਼ਮਾਨਤ ਜਬਤ (Lapse) ਹੋ ਜਾਵੇਗੀ।**
7. ਉਪਰੋਕਤ ਫੀਸਾਂ ਅਤੇ ਜ਼ੁਰਮਾਨਿਆਂ ਆਦਿ ਦੇ ਦਰ ਅਤੇ ਮਿਤੀਆਂ ਯੋਗ ਅਧਿਕਾਰੀ ਦੀ ਪ੍ਰਵਾਨਗੀ ਨਾਲ ਕਿਸੇ ਵੀ ਸਮੇਂ ਬਦਲੇ ਜਾ ਸਕਦੇ ਹਨ।
8. ਫੀਸ ਜਮ੍ਹਾਂ ਕਰਵਾਉਣ ਸਮੇਂ ਵਿਦਿਆਰਥੀ ਰਸੀਦ ਚੈੱਕ ਕਰ ਲੈਣ। ਜੇਕਰ ਕੋਈ ਫਰਕ ਹੋਵੇ ਤਾਂ ਤੁਰੰਤ ਠੀਕ ਕਰਵਾ ਲੈਣ। ਤੁਰੰਤ ਠੀਕ ਨਾ ਕਰਵਾਉਣ ਦੀ ਸੂਰਤ ਵਿੱਚ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।
9. ਕਿਸੇ ਵੀ ਯਾਤਰਾ, ਖੇਡ ਕੈਂਪ ਜਾਂ ਟੂਰ ਆਦਿ ਤੇ ਜਾਣ ਤੋਂ ਪਹਿਲਾਂ ਵਿਦਿਆਰਥੀ ਇਹ ਜਾਣਕਾਰੀ ਹਾਸਲ ਕਰੇ ਕਿ ਉਸ ਸਮੇਂ ਦੌਰਾਨ ਕੋਈ ਫੀਸ, ਫਾਰਮ ਆਦਿ ਭਰਨੇ ਹਨ ਜਾਂ ਨਹੀਂ। ਜੇਕਰ ਵਿਦਿਆਰਥੀ ਅਜਿਹਾ ਨਹੀਂ ਕਰਦਾ ਤਾਂ ਹੋਣ ਵਾਲੇ ਨੁਕਸਾਨ ਦਾ ਉਹ ਆਪ ਜ਼ਿੰਮੇਵਾਰ ਹੋਵੇਗਾ।
10. ਫੀਸਾਂ, ਜ਼ੁਰਮਾਨਿਆਂ, ਰੋਲ ਨੰਬਰ ਜਾਂ ਹਰ ਕਿਸਮ ਦੀ ਜਾਣਕਾਰੀ ਲਈ ਨੋਟਿਸ ਕਾਲਜ ਨੋਟਿਸ ਬੋਰਡ ਤੇ ਹੀ ਲਗਾਇਆ ਜਾਵੇਗਾ। ਜੇਕਰ ਕਿਸੇ ਵੀ ਸੂਚਨਾ ਬਾਰੇ ਵਿਦਿਆਰਥੀ ਨੂੰ ਜਾਣਕਾਰੀ ਨਹੀਂ ਮਿਲਦੀ ਤਾਂ ਕਾਲਜ ਕੋਈ ਜ਼ਿੰਮੇਵਾਰ ਨਹੀਂ ਹੋਵੇਗਾ। **ਇਸ ਲਈ ਵਿਦਿਆਰਥੀ ਨੋਟਿਸ ਬੋਰਡ ਹਰ ਰੋਜ਼ ਦੇਖਦੇ ਰਹਿਣ।**

**ਨੋਟ : ਜੇਕਰ ਸਰਕਾਰ ਜਾਂ ਯੂਨੀਵਰਸਿਟੀ ਵੱਲੋਂ ਫੀਸਾਂ/ਫੰਡਾਂ ਵਿੱਚ ਕੋਈ ਵਾਧਾ/ਘਾਟਾ ਕੀਤਾ ਜਾਂਦਾ ਹੈ ਤਾਂ ਬਣਦੀ ਰਕਮ ਵਸੂਲ ਕੀਤੀ ਜਾਵੇਗੀ ਜਾਂ ਵਾਪਿਸ ਕੀਤੀ ਜਾਵੇਗੀ।**

## ਕਾਲਜ ਸਰਗਰਮੀਆਂ (College Activities)

ਵਿਦਿਆਰਥੀ ਦੀ ਸਖਸ਼ੀਅਤ ਤੇ ਸਰਵਪੱਖੀ ਵਿਕਾਸ ਲਈ ਕਾਲਜ ਵਿੱਚ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ ਸਭਾਵਾਂ ਬਣੀਆਂ ਹੋਈਆਂ ਹਨ। ਜੋ ਸਮੇਂ-ਸਮੇਂ ਤੇ ਸੱਭਿਆਚਾਰਕ, ਸਾਹਿਤਕ ਅਤੇ ਕਲਾਤਮਕ ਮੁਕਾਬਲੇ ਕਰਵਾਉਂਦੀਆਂ ਰਹਿੰਦੀਆਂ ਹਨ। ਵਿਦਿਆਰਥੀਆਂ ਨੂੰ ਆਪਣੀ ਰੁਚੀ ਮੁਤਾਬਕ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਦਾ ਮੌਕਾ ਦਿੱਤਾ ਜਾਂਦਾ ਹੈ।

## ਟਿਊਟੋਰੀਅਲ ਸਿਸਟਮ (Tutorial System)

ਕਾਲਜ ਦੇ ਸਾਰੇ ਵਿਦਿਆਰਥੀਆਂ ਨੂੰ ਟਿਊਟੋਰੀਅਲ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ। ਟਿਊਟੋਰੀਅਲ ਪੀਰੀਅਡ ਹਰ ਮਹਿਨੇ ਦੇ ਦੂਜੇ ਹਫ਼ਤੇ ਲੱਗਦਾ ਹੈ, ਜਿਸ ਵਿੱਚ ਟਿਊਟੋਰੀਅਲ ਗਰੁੱਪ ਇੰਚਾਰਜ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਨ ਵਿੱਚ ਸਹਾਇਤਾ ਕਰਦੇ ਹਨ। ਉਨ੍ਹਾਂ ਨੂੰ ਕਾਲਜ ਦੇ ਨਿਯਮਾਂ ਤੋਂ ਜਾਣੂ ਕਰਵਾਉਂਦਿਆਂ ਹੋਇਆਂ ਕਾਲਜ ਵਿੱਚ ਅਨੁਸਾਸ਼ਨ ਰੱਖਣ ਅਤੇ ਕਾਲਜ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦੇ ਹਨ। ਵਿਦਿਆਰਥੀ ਕਾਲਜ ਨਾਲ ਸਬੰਧਤ ਆਪਣੀ ਕਿਸੇ ਵੀ ਮੁਸ਼ਕਲ ਲਈ ਆਪਣੇ ਟਿਊਟੋਰੀਅਲ ਇੰਚਾਰਜ ਤੋਂ ਅਗਵਾਈ ਲੈ ਸਕਦੇ ਹਨ। ਹਰ ਵਿਦਿਆਰਥੀ ਲਈ ਟਿਊਟੋਰੀਅਲ ਗਰੁੱਪ ਵਿੱਚ ਹਾਜ਼ਰ ਹੋਣਾ ਲਾਜ਼ਮੀ ਹੈ।

## ਕਾਲਜ ਮੈਗਜ਼ੀਨ (College Magazine)

ਕਾਲਜ ਵਿੱਚ ਮੈਗਜ਼ੀਨ "ਉਧਮ ਜਯੋਤੀ" ਨਾਂ ਹੇਠ ਛਪਦਾ ਹੈ ਜਿਸ ਦੇ ਵਿਦਿਆਰਥੀ ਸੰਪਾਦਕ, ਪ੍ਰੋਫੈਸਰ ਇੰਚਾਰਜਾਂ ਦੀ ਸਿਫਾਰਸ਼ ਉੱਤੇ ਪ੍ਰਿੰਸੀਪਲ ਵੱਲੋਂ ਨਿਯੁਕਤ ਕੀਤੇ ਜਾਂਦੇ ਹਨ। ਕਾਲਜ ਮੈਗਜ਼ੀਨ ਵਿੱਚ ਵਿਦਿਆਰਥੀ ਆਪਣੇ ਆਪਣੇ ਆਰਟੀਕਲ ਦਿੰਦੇ ਹਨ, ਜਿਸ ਨਾਲ ਉਨ੍ਹਾਂ ਦੀ ਅੰਦਰਲੀ ਕਲਾ ਨੂੰ ਉਜਾਗਰ ਹੋਣ ਦਾ ਮੌਕਾ ਮਿਲਦਾ ਹੈ। ਕਾਲਜ ਵਿਚਲੀਆਂ ਸਾਰੀਆਂ ਗਤੀਵਧੀਆਂ ਦੀ ਜਾਣਕਾਰੀ ਕਾਲਜ ਮੈਗਜ਼ੀਨ ਤੋਂ ਪ੍ਰਾਪਤ ਹੁੰਦੀ ਹੈ। ਇਸ ਮੈਗਜ਼ੀਨ ਵਿੱਚ ਪੰਜਾਬੀ, ਹਿੰਦੀ, ਸਾਇੰਸ, ਸਸੰਕ੍ਰਿਤ, ਅੰਗਰੇਜ਼ੀ, ਕੰਪਿਊਟਰ ਸਾਇੰਸ ਭਾਗ ਹੁੰਦੇ ਹਨ।

## ਕਾਲਜ ਕਮੇਟੀਆਂ (College Committees)

ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਹੇਠ ਲਿਖੀਆਂ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।

1. **ਕਿੱਤਾ ਸਲਾਹਕਾਰ ਕਮੇਟੀ ਅਤੇ ਪਲੇਸਮੈਂਟ ਸੈੱਲ (Career Consultancy and Placement Cell)** ਇਹ ਕਮੇਟੀ ਵਿਦਿਆਰਥੀ ਨੂੰ ਗਰੈਜੂਏਸ਼ਨ ਤੋਂ ਬਾਅਦ ਨੌਕਰੀ/ਕਿੱਤਾ ਚੁਣਨ ਲਈ ਉਚਿੱਤ ਵਿਸ਼ਿਆਂ ਦੀ ਚੋਣ ਬਾਰੇ ਸਲਾਹ ਦਿੰਦੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਸਮੇਂ, ਵੱਖ-ਵੱਖ ਅਦਾਰਿਆਂ ਵੱਲੋਂ ਕਰਵਾਏ ਜਾਣ ਵਾਲੇ ਇਮਤਿਹਾਨਾਂ ਬਾਰੇ ਸਲਾਹ ਤੇ ਜਾਣਕਾਰੀ ਦਿੰਦੀ ਹੈ।
2. **IQAC/ ਫੀਡ ਬੈਕ ਕਮੇਟੀ (Feed Back Committee) :** ਇਹ ਕਮੇਟੀ ਕਾਲਜ ਦੇ ਵਿਦਿਆਰਥੀਆਂ, ਮਾਪਿਆਂ ਅਤੇ ਸਾਬਕਾ ਵਿਦਿਆਰਥੀਆਂ ਤੋਂ ਕਾਲਜ ਦੀਆਂ ਵਿੱਦਿਅਕ ਅਤੇ ਹੋਰ ਗਤੀਵਿਧੀਆਂ ਦੀ ਜਾਣਕਾਰੀ ਲੈਣ ਲਈ ਬਣਾਈ ਗਈ ਹੈ ਜੋ ਉਚੇਰੀ ਵਿੱਦਿਆ ਦੇ ਮਾਪਦੰਡਾਂ ਨੂੰ ਧਿਆਨ ਵਿੱਚ ਰੱਖ ਕੇ ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਲਈ ਲੋੜੀ ਦੇ ਸੁਝਾਅ ਲੈ ਕੇ ਲੋੜੀਂਦੀ ਕਾਰਵਾਈ ਕਰੇਗੀ।
3. **ਸ਼ਿਕਾਇਤ ਨਿਵਾਰਣ ਕਮੇਟੀ (Grievance Redressal Committee) :** ਇਹ ਕਮੇਟੀ ਵਿਦਿਆਰਥੀਆਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਬਣਾਈ ਗਈ ਹੈ। ਵਿਦਿਆਰਥੀ ਆਪਣੀਆਂ ਮੁਸ਼ਕਲਾਂ ਅਤੇ ਸ਼ਿਕਾਇਤਾਂ ਲਿਖਤੀ ਰੂਪ ਵਿੱਚ ਕਮੇਟੀ ਅੱਗੇ ਪੇਸ਼ ਕਰ ਸਕਦੇ ਹਨ।
4. **ਹਿੰਸਾ ਅਤੇ ਸ਼ੋਸ਼ਣ ਵਿਰੁੱਧ ਕਮੇਟੀ (Committee against Violence and Exploitation) :** ਇਸ ਕਮੇਟੀ ਦਾ ਗਠਨ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ ਕਿ ਵਿਦਿਆਰਥੀ ਨੂੰ ਕਾਲਜ ਵਿੱਚ ਕਿਸੇ ਵੀ ਤਰ੍ਹਾਂ ਦੀ ਅਸੁਰੱਖਿਆ ਜਾਂ ਡਰ ਦੀ ਭਾਵਨਾ ਤੋਂ ਬਚਾਇਆ ਜਾ ਸਕੇ।
5. **ਨਸ਼ਾ ਵਿਰੋਧੀ ਕਮੇਟੀ (Anti Narcotic Committee) :** ਇਸ ਕਮੇਟੀ ਦਾ ਗਠਨ ਕਾਲਜ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਕੇ "ਨਸ਼ਿਆਂ ਤੋਂ ਦੂਰ ਰੱਖਣ" ਦੇ ਮੰਤਵ ਨਾਲ ਕੀਤਾ ਗਿਆ ਹੈ।
6. **ਰੈਗਿੰਗ ਵਿਰੋਧੀ ਕਮੇਟੀ ( Anti Ragging Committee ) :** ਇਸ ਕਮੇਟੀ ਦਾ ਗਠਨ ਕਾਲਜ ਵਿੱਚ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਨੂੰ ਰੈਗਿੰਗ ਤੋਂ ਬਚਾਉਣ ਹਿੱਤ ਕੀਤਾ ਗਿਆ ਹੈ। ਯੂ.ਜੀ.ਸੀ. ਦੇ ਪੱਤਰ ਨੰ. 1-15/2009 (ARC) Pt III ਅਨੁਸਾਰ ਕਾਲਜਾਂ ਵਿੱਚ ਰੈਗਿੰਗ ਨੂੰ ਰੋਕਣ ਲਈ ਤਿਆਰ ਕੀਤੀਆਂ ਗਈਆਂ ਚਾਰ ਡਾਕੂਮੈਂਟਰੀ ਫਿਲਮਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਕਮੇਟੀ ਵਚਨਵੱਧ ਹੈ ।
7. **ਸਾਬਕਾ ਵਿਦਿਆਰਥੀ ਸਭਾ (Old Students Association) :** ਕਾਲਜ ਵਿੱਚ ਕਾਫੀ ਲੰਬੇ ਸਮੇਂ ਤੋਂ ਸਾਬਕਾ ਵਿਦਿਆਰਥੀ ਸਭਾ (ਓ.ਐਸ.ਏ.) ਮੌਜੂਦ ਹੈ। ਜਿਹੜੇ ਵਿਦਿਆਰਥੀ ਕਾਲਜ ਵਿੱਚੋਂ ਆਪਣੀ ਪੜ੍ਹਾਈ ਪੂਰੀ ਕਰ ਲੈਂਦੇ ਹਨ ਉਹ ਇਸ ਦੇ ਮੈਂਬਰ ਬਣ ਸਕਦੇ ਹਨ।
8. **ਕਾਨੂੰਨੀ ਸਾਖ਼ਰਤਾ ਕਲੱਬ (Legal Literacy Club) :** ਇਹ ਕਲੱਬ ਵਿਦਿਆਰਥੀਆਂ ਨੂੰ ਕਾਨੂੰਨ ਨਾਲ ਸਬੰਧਿਤ ਉਨ੍ਹਾਂ ਮੁੱਦਿਆਂ ਤੇ ਜਾਣਕਾਰੀ ਦਿੰਦਾ ਹੈ ਜੋ ਉਨ੍ਹਾਂ ਦੇ ਨਿੱਜੀ ਜੀਵਨ ਅਤੇ ਵਿੱਦਿਅਕ ਖੇਤਰ ਨਾਲ ਜੁੜੇ ਹੋਏ ਹਨ।
9. **ਸਾਖ਼ਰਤਾ, ਪਾਪੂਲੇਸ਼ਨ, ਵਾਤਾਵਰਣ ਅਤੇ ਸੜਕ ਸੁਰੱਖਿਆ ਕਲੱਬ (Literacy, Population, Environment & Road Safety Club) :** ਇਹ ਕਲੱਬ ਵਿਦਿਆਰਥੀਆਂ ਨੂੰ ਵਧਦੀ ਜਨ-ਸੰਖਿਆ, ਅਨਪੜ੍ਹਤਾ, ਸੜਕ ਸੁਰੱਖਿਆ ਅਤੇ ਵਾਤਾਵਰਣ ਸੰਬੰਧੀ ਜਾਗਰੂਕ ਕਰਦਾ ਹੈ।ਉਸਾਰੂ ਸੋਚ ਅਤੇ ਸੇਵਾ ਭਾਵਨਾ ਵਾਲੇ ਵਿਦਿਆਰਥੀ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਜਾ ਕੇ ਲੋਕਾਂ ਨਾਲ ਤਾਲ-ਮੇਲ ਪੈਦਾ ਕਰਕੇ ਉਹਨਾਂ ਨੂੰ ਸਿੱਖਿਅਤ ਕਰਨਗੇ। 5 ਤੋਂ 10 ਵਿਅਕਤੀਆਂ ਨੂੰ ਸਾਖ਼ਰ ਕਰਨ ਵਾਲੇ ਵਿਦਿਆਰਥੀ ਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਵੇਗਾ।
10. **ਐਨ.ਐਸ.ਐਸ. ਵਿਭਾਗ (NSS):** ਕਾਲਜ ਵਿੱਚ ਵਿਦਿਆਰਥੀਆਂ ਦੀ ਸਖਸ਼ੀਅਤ ਨਿਰਮਾਣ ਲਈ ਐਨ.ਐਸ.ਐਸ. ਦੇ ਤਿੰਨ ਯੂਨਿਟ (ਦੋ ਲੜਕੇ ਅਤੇ ਇੱਕ ਲੜਕੀਆਂ) ਚੱਲ ਰਹੇ ਹਨ। ਐੱਨ.ਐੱਸ.ਐੱਸ. ਵੱਲੋਂ ਹਰ ਸਾਲ ਛੇ ਇੱਕ ਰੋਜਾ ਕੈਂਪ ਅਤੇ ਇੱਕ ਸੱਤ ਰੋਜਾ ਕੈਂਪ ਲਗਾਇਆ ਜਾਂਦਾ ਹੈ।
11. **ਯੁਵਕ ਸੇਵਾਵਾਂ ਅਤੇ ਰੈੱਡ ਰਿਬਨ ਕਲੱਬ (Youth Services & Red Ribbon Club) :** ਕਾਲਜ ਵਿੱਚ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ "ਯੁਵਕ ਸੇਵਾਵਾਂ ਕਲੱਬ" ਅਤੇ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਅਤੇ ਯੁਵਕ ਸੇਵਾਵਾਂ ਵਿਭਾਗ, ਸੰਗਰੂਰ ਦੇ ਆਦੇਸ਼ ਅਨੁਸਾਰ "ਰੈੱਡ ਰਿਬਨ ਕਲੱਬ" ਬਣਾਇਆ ਗਿਆ ਹੈ।

12. **ਯੂਥ ਰੈੱਡ ਕਰਾਸ ਕਲੱਬ (Youth Red Cross Club) :** ਕਾਲਜ ਵਿੱਚ ਯੂਥ ਰੈੱਡ ਕਰਾਸ ਕਲੱਬ ਦੀ ਸਥਾਪਨਾ ਕੀਤੀ ਗਈ ਹੈ । ਇਹ ਕਲੱਬ ਵਿਦਿਆਰਥੀਆਂ ਨੂੰ ਰੈੱਡ ਕਰਾਸ ਸਬੰਧੀ ਜਾਣਕਾਰੀ ਦਿੰਦਾ ਹੈ ।

13. **ਅੰਗਹੀਣ ਭਲਾਈ ਕਮੇਟੀ: (Handicapped Welfare Committee :** ਕਾਲਜ ਵਿੱਚ ਅੰਗਹੀਣ ਵਿਦਿਆਰਥੀਆਂ ਨੂੰ ਪੇਸ਼ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਇਹ ਕਮੇਟੀ ਕੰਮ ਕਰਦਾ ਹੈ ।

14. **ਯੁਵਕ ਭਲਾਈ ਵਿਭਾਗ : (Youth Welfare Deptt.) :** ਇਹ ਵਿਭਾਗ ਕਾਲਜ ਦੇ ਵਿਦਿਆਰਥੀਆਂ ਨੂੰ ਸਹਿ-ਵਿੱਦਿਅਕ ਸਰਗਰਮੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦਾ ਹੈ।

15. **ਨਸ਼ਾ ਰੋਕੂ ਅਫ਼ਸਰ : (DAPO) :** ਪੰਜਾਬ ਸਰਕਾਰ ਦੀਆ ਹਦਾਇਤਾਂ ਅਨੁਸਾਰ ਕਾਲਜ ਵਿੱਚ DAPO ਨਾਲ ਸਬੰਧਿਤ Buddy ਗਰੁੱਪ ਬਣਾਏ ਗਏ ਹਨ । ਜਿਨ੍ਹਾਂ ਦਾ ਮੰਤਵ ਨਸ਼ੇ ਤੋਂ ਬਚਣਾ ਅਤੇ ਹੋਰਾਂ ਨੂੰ ਬਚਾਉਣਾ ਹੈ।

16. **ਵਿਦਿਆਰਥਣਾਂ ਦੀ ਸੁਰੱਖਿਆ, ਸਮੱਸਿਆਵਾਂ ਅਤੇ ਕਾਨੂੰਨੀ ਸੇਧ ਸਬੰਧੀ ਕਮੇਟੀ :** ਡਾਇਰੈਕਟਰ ਸਿੱਖਿਆ ਵਿਭਾਗ (ਕਾ) ਦੇ ਮੀਮੋ ਨੰ: 7/52-2018 ਕਾ (4) ਮਿਤੀ, ਐੱਸ.ਏ.ਐੱਸ. ਨਗਰ 10-5-18 ਦੀਆਂ ਹਦਾਇਤਾ ਅਨੁਸਾਰ ਕਾਲਜ ਦੇ ਦਫ਼ਤਰ ਵਿਖੇ ਸ਼ਿਕਾਇਤ ਬਕਸਾ ਲਗਾਇਆ ਗਿਆ ਹੈ। ਵਿਦਿਆਰਥਣਾਂ ਨੂੰ ਉਹਨਾਂ ਦੇ ਅਧਿਕਾਰਾਂ ਅਤੇ ਆਤਮ ਰੱਖਿਆ ਲਈ ਸਮੇਂ-ਸਮੇਂ ਜਾਗਰੂਕ ਕੀਤਾ ਜਾਂਦਾ ਹੈ।

**ਨੋਟ : ਉਪਰੋਕਤ ਕਮੇਟੀਆਂ/ਕਲੱਬਾਂ ਦੇ ਕਨਵੀਨਰ ਅਤੇ ਮੈਂਬਰ ਸਾਹਿਬਾਨ ਬਾਰੇ ਜਾਣਕਾਰੀ ਨੋਟਿਸ ਬੋਰਡ ਰਾਹੀਂ ਦਿੱਤੀ ਜਾਵੇਗੀ ।**

## ਵਿਦਿਆਰਥੀਆਂ ਲਈ ਸਹੂਲਤਾਂ :-

### ਸਾਈਕਲ/ਸਕੂਟਰ/ਮੋਟਰ ਸਾਈਕਲ ਸਟੈਂਡ

ਸਾਈਕਲ/ਸਕੂਟਰ ਤੇ ਕਾਲਜ ਆਉਣ ਵਾਲੇ ਵਿਦਿਆਰਥੀਆਂ ਲਈ ਸਾਈਕਲ/ਸਕੂਟਰ ਖੜ੍ਹਾ ਕਰਨ ਦਾ ਯੋਗ ਪ੍ਰਬੰਧ ਹੈ। ਸਾਈਕਲ/ਸਕੂਟਰ, ਮੋਟਰ ਸਾਈਕਲ ਆਦਿ ਨਿਸ਼ਚਿਤ ਥਾਂ ਤੇ ਖੜ੍ਹੇ ਕਰਨੇ ਜ਼ਰੂਰੀ ਹਨ। ਵਿਦਿਆਰਥੀ ਆਪਣਾ ਸਾਈਕਲ/ਸਕੂਟਰ ਦਾ ਨੰਬਰ ਦਾਖ਼ਲਾ ਫਾਰਮ ਵਿੱਚ ਜ਼ਰੂਰ ਭਰਨ। ਇਸ ਸੰਬੰਧੀ ਫੀਸ ਭਰਨ ਉਪਰੰਤ ਸਮਰੱਥ ਅਧਿਕਾਰੀ ਨੂੰ ਰਸੀਦ ਦਿਖਾਉਣੀ ਜ਼ਰੂਰੀ ਹੈ। **ਜਿਹੜਾ ਵਿਦਿਆਰਥੀ ਸਾਈਕਲ/ਸਕੂਟਰ/ਮੋਟਰ-ਸਾਈਕਲ ਸਟੈਂਡ ਦੀ ਫੀਸ ਦੀ ਅਦਾਇਗੀ ਨਹੀਂ ਕਰੇਗਾ ਤਾਂ ਉਸ ਤੋਂ ਸਾਈਕਲ ਸਟੈਂਡ ਦੀ ਪੂਰੀ ਸਾਲਾਨਾ ਫੀਸ ਦੇ ਨਾਲ 500 ਰੁ: ਜੁਰਮਾਨਾ ਵਸੂਲ ਕੀਤਾ ਜਾਵੇਗਾ ।**

ਜੇਕਰ ਵਿਦਿਆਰਥੀ ਦਾਖ਼ਲੇ ਤੋਂ ਪਿਛੋਂ ਸਾਈਕਲ/ਸਕੂਟਰ ਲਿਆਉਣਾ ਸ਼ੁਰੂ ਕਰਦਾ ਹੈ ਤਾਂ ਸਾਈਕਲ/ਸਕੂਟਰ ਦਾ ਨੰਬਰ ਕਾਲਜ ਦਫ਼ਤਰ ਨੂੰ ਜ਼ਰੂਰ ਦੇਵੇ। ਸਾਈਕਲ/ਸਕੂਟਰ ਜਿੰਦਰਾ ਲਗਾਏ ਬਿਨ੍ਹਾਂ ਨਾ ਰੱਖਿਆ ਜਾਵੇ। ਜਿੰਦਰਾ ਨਾ ਲਗਾਉਣ ਦੀ ਸੂਰਤ ਵਿੱਚ ਸਾਈਕਲ/ਸਕੂਟਰ ਗੁੰਮ ਹੋ ਜਾਣ ਤੇ ਵਿਦਿਆਰਥੀ ਖ਼ੁਦ ਜ਼ਿੰਮੇਵਾਰ ਹੋਵੇਗਾ। ਸਟੈਂਡ ਤੋਂ ਬਾਹਰ ਖੜਾ ਕੀਤਾ ਵਹੀਕਲ ਕਾਲਜ ਤੁਰੰਤ ਆਪਣੇ ਕਬਜ਼ੇ ਵਿੱਚ ਕਰਕੇ ਵਿਸ਼ੇਸ਼ ਜ਼ੁਰਮਾਨਾ ਲਾਵੇਗਾ।

## ਕਾਲਜ ਕੰਟੀਨ

ਕਾਲਜ ਦੀ ਕੰਟੀਨ ਅਧਿਆਪਕ ਸਾਹਿਬਾਨ ਦੀ ਇੱਕ ਕਮੇਟੀ ਦੀ ਨਿਗਰਾਨੀ ਵਿੱਚ ਚਲਾਈ ਜਾਂਦੀ ਹੈ। ਇੱਥੇ ਵਿਦਿਆਰਥੀਆਂ ਦੀ ਰਿਫਰੈਸ਼ਮੈਂਟ ਦਾ ਇੰਤਜ਼ਾਮ ਹੈ। ਵਿਦਿਆਰਥੀਆਂ ਨੂੰ ਕਾਲਜ ਵੱਲੋਂ ਤਹਿ ਕੀਤੇ ਰੇਟ ਅਨੁਸਾਰ ਹੀ ਸਮਾਨ ਮੁਹੱਈਆ ਕਰਵਾਇਆ ਜਾਂਦਾ ਹੈ ।

## ਸਵਿਮਿੰਗ ਪੂਲ

ਕਾਲਜ ਵਿੱਚ ਆਧੁਨਿਕ ਸਹੂਲਤਾਂ ਵਾਲਾ ਇਨਡੋਰ ਸਵਿਮਿੰਗ ਪੂਲ ਬਣਿਆ ਹੋਇਆ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਤੈਰਾਕੀ ਦੀ ਟ੍ਰੇਨਿੰਗ ਦੇਣ ਦਾ ਖਾਸ ਪ੍ਰਬੰਧ ਹੈ। ਦਾਖ਼ਲ ਹੋ ਚੁੱਕੇ ਵਿਦਿਆਰਥੀ ਸਵਿਮਿੰਗ ਪੂਲ ਦੀ ਫੀਸ ਜਮ੍ਹਾਂ ਕਰਵਾ ਕੇ 'ਸਵਿਮਿੰਗ ਕਲੱਬ' ਵਿੱਚ ਰਜਿਸਟਰ ਹੋ ਸਕਦੇ ਹਨ।

## ਬੱਸ/ਰੇਲਵੇ ਪਾਸ ਸਹੂਲਤ

ਕਾਲਜ ਵਿੱਚ ਦਾਖ਼ਲ ਹੋ ਚੁੱਕੇ ਵਿਦਿਆਰਥੀਆਂ ਨੂੰ ਕਾਲਜ ਅਤੇ ਸਰਕਾਰ ਵੱਲੋਂ ਬੱਸ/ਰੇਲਵੇ ਪਾਸ ਦੀ ਸਹੂਲਤ ਦਿੱਤੀ ਹੋਈ ਹੈ। ਜਿਨ੍ਹਾਂ ਵਿਦਿਆਰਥੀਆਂ ਨੇ ਬੱਸ/ਰੇਲਵੇ ਪਾਸ ਜਾਰੀ ਕਰਵਾਉਣਾ ਹੈ, ਉਹ ਦਾਖ਼ਲੇ ਤੋਂ ਤੁਰੰਤ ਬਾਅਦ ਦਫ਼ਤਰ ਵਿੱਚੋਂ ਫਾਰਮ ਪ੍ਰਾਪਤ ਕਰਕੇ ਸੰਬੰਧਿਤ ਦਫ਼ਤਰ ਵਿੱਚ ਲੋੜੀਂਦੀ ਫੀਸ ਜਮ੍ਹਾਂ ਕਰਵਾ ਕੇ ਬੱਸ/ਰੇਲਵੇ ਪਾਸ ਪ੍ਰਾਪਤ ਕਰਨਗੇ। ਬਿਨ੍ਹਾਂ ਬੱਸ ਪਾਸ ਤੋਂ ਜੇਕਰ ਬੱਸ ਮਾਲਕਾਂ ਨਾਲ ਕਿਸੇ ਵਿਦਿਆਰਥੀ ਦਾ ਤਕਰਾਰ ਹੋ ਜਾਂਦਾ ਹੈ ਤਾਂ ਕਾਲਜ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਆਰ.ਓ. ਅਤੇ ਵਾਟਰ ਕੂਲਰ ਦੀ ਸਹੂਲਤ

ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ 5 ਵੱਖ-ਵੱਖ ਥਾਵਾਂ 'ਤੇ ਆਰ. ਓ. ਅਤੇ ਵਾਟਰ ਕੂਲਰ ਲਗਾਏ ਗਏ ਹਨ ।

## ਐਮ.ਐਸ.ਟੀ. ਪ੍ਰੀਖਿਆਵਾਂ

1. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਸਮੈਸਟਰ ਪ੍ਰਣਾਲੀ ਲਈ ਐਮ.ਐਸ.ਟੀ. ਲਏ ਜਾਂਦੇ ਹਨ । ਇਸ ਐਮ.ਐਸ.ਟੀ. ਦਾ ਨਤੀਜਾ ਯੂਨੀਵਰਸਿਟੀ ਪ੍ਰੀਖਿਆ ਦੀ ਪ੍ਰਵੇਸ਼ ਯੋਗਤਾ ਦਾ ਆਧਾਰ ਬਣਦਾ ਹੈ।
2. ਜਿਹੜੇ ਵਿਦਿਆਰਥੀ ਬਿਨ੍ਹਾਂ ਪੂਰਵ ਆਗਿਆ ਐਮ.ਐਸ.ਟੀ. ਨਹੀਂ ਦੇਣਗੇ, ਉਹਨਾਂ ਵਿਦਿਆਰਥੀਆਂ ਨੂੰ ਐਮ.ਐਸ.ਟੀ. ਦਾ ਸਪੈਸ਼ਲ ਮੌਕਾ ਨਹੀਂ ਦਿੱਤਾ ਜਾਵੇਗਾ। ਜਿਹੜੇ ਵਿਦਿਆਰਥੀ ਐਮ.ਐਸ.ਟੀ. ਨਹੀਂ ਦੇਣਗੇ, ਉਹਨਾਂ ਨੂੰ ਯੂਨੀਵਰਸਿਟੀ ਪ੍ਰੀਖਿਆਵਾਂ ਦਾ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ।

## ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਦੇ ਨਿਯਮ

ਹਰ ਵਿਦਿਆਰਥੀ ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਤਾਂ ਹੀ ਦੇ ਸਕੇਗਾ ਜੇਕਰ :-

1. ਬੀ.ਏ.,ਬੀ.ਐਸ.ਸੀ./ਬੀ.ਕਾਮ. I, II, III ਦੇ ਵਿਦਿਆਰਥੀ ਨੇ ਐਮ.ਐਸ.ਟੀ. ਵਿੱਚੋਂ ਵਿਸ਼ਿਆਂ ਦੇ ਕੁੱਲ ਜੋੜ ਦੇ ਅੰਕਾਂ ਵਿੱਚੋਂ ਘੱਟੋ-ਘੱਟ 33% ਅੰਕ ਜਾਂ ਹਰੇਕ ਵਿਸ਼ੇ ਵਿੱਚੋਂ 25% ਅੰਕ ਪ੍ਰਾਪਤ ਕੀਤੇ ਹੋਣ ਅਤੇ ਹਰ ਸਬੰਧਤ ਵਿਸ਼ੇ ਦੇ ਅਧਿਆਪਕ ਕੋਲ ਅਸਾਈਨਮੈਂਟ, ਕਲਾਸ ਹਾਜ਼ਰੀ, ਕਲਾਸ ਟੈਸਟ, ਅਨੁਸ਼ਾਸਨ, ਟੈਕਸਟ ਬੁੱਕ (ਕਿਤਾਬਾਂ), ਵਾਈਵਾ ਆਦਿ ਪੱਖਾਂ ਨੂੰ ਵਿਚਾਰ ਕੇ ਵਿਦਿਆਰਥੀ ਦੀ ਅਸੈੱਸਮੈਂਟ ਭੇਜੀ ਜਾਵੇਗੀ, ਸੋ ਵਿਦਿਆਰਥੀ ਇਸ ਸਬੰਧੀ ਸੈਸ਼ਨ 2020-21 ਦੌਰਾਨ ਪੂਰਾ ਧਿਆਨ ਰੱਖਣ।
2. ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆਂ ਵਿੱਚ ਬੈਠਣ ਲਈ ਕੇਵਲ ਉਹ ਹੀ ਵਿਦਿਆਰਥੀ ਯੋਗ ਹੋਣਗੇ ਜਿਨ੍ਹਾਂ ਦੇ ਹਰ ਵਿਸ਼ੇ ਦੇ ਥਿਊਰੀ ਅਤੇ ਪ੍ਰੈਕਟੀਕਲ (ਜਿੱਥੇ ਲਾਗੂ ਹੋਵੇ) ਵਿੱਚ ਵੱਖ-ਵੱਖ ਤੌਰ ਤੇ 75% ਹਾਜ਼ਰੀਆਂ ਪੂਰੀਆਂ ਕੀਤੀਆਂ ਹੋਣ।

## ਜ਼ੁਰਮਾਨੇ ਅਤੇ ਸਜ਼ਾਵਾਂ

ਯੋਗ ਅਧਿਕਾਰੀ ਵੱਲੋਂ ਛੁੱਟੀ ਮਨਜੂਰ ਕਰਵਾਏ ਬਿਨ੍ਹਾਂ ਗੈਰਹਾਜ਼ਰ ਹੋਣ ਤੇ ਜ਼ੁਰਮਾਨਾ ਕੀਤਾ ਜਾਂਦਾ ਹੈ। ਇਸ ਦਾ ਵੇਰਵਾ ਇਸ ਪ੍ਰਕਾਰ ਹੈ:-

(ੳ) ਇੱਕ ਦਿਨ ਪੀਰੀਅਡ ਦੀ ਗੈਰਹਾਜ਼ਰੀ 25 ਪੈਸੇ ਅਤੇ ਇੱਕ ਪੀਰੀਅਡ ਤੋਂ ਵੱਧ ਗੈਰਹਾਜ਼ਰੀ ਲਈ 50 ਪੈਸੇ।

(ਅ)* ਟਿਊਟੋਰੀਅਲ ਗਰੁੱਪ ਮੀਟਿੰਗ ਵਿੱਚੋਂ ਗੈਰਹਾਜ਼ਰ ਹੋਣ ਤੇ ਇੱਕ ਰੁਪਿਆ ਜ਼ੁਰਮਾਨਾ ਹੋਵੇਗਾ।

* ਖਾਸ ਹੰਗਾਮੀ ਹਾਲਤਾਂ ਵਿੱਚ ਜਾਂ ਕਿਸੇ ਖਾਸ ਸਮਾਰੋਹ ਦੇ ਸੰਬੰਧ ਵਿੱਚ ਟਿਊਟੋਰੀਅਲ ਗਰੁੱਪਾਂ ਦੀ ਮੀਟਿੰਗ ਵਿੱਚ ਹਾਜ਼ਰ ਹੋਣਾ ਲਾਜ਼ਮੀ ਹੋਵੇਗਾ। ਗੈਰਹਾਜ਼ਰ ਹੋਣ ਦੀ ਸੂਰਤ ਵਿੱਚ ਸਪੈਸ਼ਲ ਜ਼ੁਰਮਾਨਾ ਵੀ ਵਿਦਿਆਰਥੀ ਨੂੰ ਭਰਨਾ ਪਵੇਗਾ।

(ੲ) ਦੁਰਵਿਵਹਾਰ ਦੇ ਦੋਸ਼ੀ ਵਿਦਿਆਰਥੀ ਨੂੰ ਪ੍ਰਿੰਸੀਪਲ ਵੱਲੋਂ ਵਿਸ਼ੇਸ਼ ਜ਼ੁਰਮਾਨਾ ਕੀਤਾ ਜਾ ਸਕਦਾ ਹੈ। ਇਹ ਜ਼ੁਰਮਾਨਾ ਨੋਟਿਸ ਲੱਗਣ ਤੋਂ ਤਿੰਨ ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ। ਜੇਕਰ ਕੋਈ ਵਿਦਿਆਰਥੀ ਅਜਿਹੇ ਕੰਮਾਂ ਵਿੱਚ ਹਿੱਸਾ ਲੈ ਰਿਹਾ ਹੈ ਜੋ ਸਿੱਧੇ ਜਾਂ ਅਸਿੱਧੇ ਢੰਗ ਨਾਲ ਕਾਲਜ ਅਨੁਸ਼ਾਸ਼ਨ ਨੂੰ ਹਾਨੀ ਪਹੁੰਚਾਉਂਦੇ ਹਨ ਤਾਂ ਪ੍ਰਿੰਸੀਪਲ ਨੂੰ

ਉਸਦਾ ਦਾਖ਼ਲਾ ਖਾਰਜ ਕਰਨ ਦਾ ਅਧਿਕਾਰ ਹੈ। ਜੇਕਰ ਵਿਦਿਆਰਥੀ ਦੇ ਪਿਤਾ/ਸਰਪ੍ਰਸਤ ਨੂੰ ਬੁਲਾਇਆ ਜਾਵੇ ਅਤੇ ਉਹ ਕਾਲਜ ਨਾ ਆਉਣ ਤਾਂ ਕਾਲਜ ਨੂੰ ਉਸ ਵਿਦਿਆਰਥੀ ਖਿਲਾਫ ਲੋੜੀਂਦੀ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ।

## ਛੁੱਟੀ ਲਈ ਨਿਯਮ

ਵਿਦਿਆਰਥੀ ਨੂੰ ਛੁੱਟੀ ਤੇ ਜਾਣ ਤੋਂ ਪਹਿਲਾਂ ਛੁੱਟੀ ਮਨਜੂਰ ਕਰਵਾਉਣੀ ਜ਼ਰੂਰੀ ਹੈ। ਜੇ ਕਿਸੇ ਖਾਸ ਕਾਰਨਾਂ ਕਰਕੇ ਵਿਦਿਆਰਥੀ ਬਿਨ੍ਹਾਂ ਛੁੱਟੀ ਮਨਜੂਰ ਕਰਵਾਏ ਗੈਰਹਾਜ਼ਰ ਹੋ ਜਾਵੇ ਤਾਂ ਉਸਨੂੰ ਹਾਜ਼ਰ ਹੋਣ ਤੋਂ ਬਾਅਦ ਦੋ ਦਿਨਾਂ ਦੇ ਅੰਦਰ-ਅੰਦਰ ਛੁੱਟੀ ਮਨਜੂਰ ਕਰਵਾਉਣੀ ਪਵੇਗੀ। ਇਹ ਛੁੱਟੀ ਨਾ ਲੈਣ ਦੀ ਸੂਰਤ ਵਿੱਚ ਲੱਗਿਆ ਹੋਇਆ ਜ਼ੁਰਮਾਨਾ ਆਮ ਤੌਰ ਤੇ ਮੁਆਫ਼ ਨਹੀਂ ਕੀਤਾ ਜਾਵੇਗਾ।

**ਹਫ਼ਤੇ ਤੋਂ ਵੱਧ ਬਿਮਾਰੀ ਦੀ ਛੁੱਟੀ ਨਾਲ ਮੈਡੀਕਲ ਸਰਟੀਫਿਕੇਟ ਹੋਣਾ ਜ਼ਰੂਰੀ ਹੈ। ਇਹ ਸਰਟੀਫਿਕੇਟ ਕਾਲਜ ਵਿੱਚ ਹਾਜ਼ਰ ਹੋਣ ਦੇ ਤੁਰੰਤ ਬਾਅਦ ਦੇਣਾ ਚਾਹੀਦਾ ਹੈ। ਹਫ਼ਤੇ ਤੋਂ ਵੱਧ ਹਰ ਪ੍ਰਕਾਰ ਦੀ ਛੁੱਟੀ ਲਈ ਮਾਪਿਆਂ ਜਾਂ ਸਰਪ੍ਰਸਤ ਦੇ ਹਸਤਾਖ਼ਰ ਹੋਣੇ ਜ਼ਰੂਰੀ ਹਨ।** ਜੇ ਕੋਈ ਵਿਦਿਆਰਥੀ ਕਿਸੇ ਥਾਂ ਆਪ ਹਸਤਾਖ਼ਰ ਕਰਕੇ ਧੋਖਾ ਦਿੰਦਾ ਹੈ ਤਾਂ ਉਸਨੂੰ ਕਾਲਜ ਵਿੱਚੋਂ ਕੱਢਿਆ ਜਾਵੇਗਾ। ਇੱਕ ਪੀਰੀਅਡ ਦੀ ਛੁੱਟੀ ਸੰਬੰਧਿਤ ਲੈਕਚਰਾਰ ਪਾਸੋਂ ਜਰੂਰੀ ਹੈ।

| | ਕਿਸਮ ਅਤੇ ਛੁੱਟੀ | ਸਿਫ਼ਾਰਸ਼ ਕਰਨ ਦਾ ਅਧਿਕਾਰ | ਮਨਜ਼ੂਰ ਕਰਨ ਦਾ ਅਧਿਕਾਰ |
|---|---|---|---|
| (ੳ) | ਤਿੰਨ ਦਿਨਾਂ ਦੀ ਆਮ ਛੁੱਟੀ | ਟਿਊਟਰ | ਟਿਊਟਰ |
| (ਅ) | ਸੱਤ ਦਿਨਾਂ ਦੀ ਆਮ ਛੁੱਟੀ | ਟਿਊਟਰ | ਸੀਨੀਅਰ ਟਿਊਟਰ |
| (ੲ) | ਸੱਤ ਦਿਨਾਂ ਤੋਂ ਉੱਪਰ ਛੁੱਟੀ | ਸੀਨੀ: ਟਿਊਟਰ | ਪ੍ਰਿੰਸੀਪਲ |

## ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਲਈ ਵੈਲਫੇਅਰ ਸਕੀਮ

**ਸਵ: ਸ੍ਰ. ਸੁਰਜੀਤ ਸਿੰਘ ਬਰਾੜ ਵੈਲਫੇਅਰ ਸਕੀਮ :** ਕਾਲਜ ਦੇ ਸਾਬਕਾ ਲੈਕਚਰਾਰ ਡਾ. ਕਵਲਜੀਤ ਕੌਰ ਬਰਾੜ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਸਵ: ਸ੍ਰ. ਸੁਰਜੀਤ ਸਿੰਘ ਬਰਾੜ (ਈ.ਟੀ.ਓ.) ਦੀ ਯਾਦ ਵਿੱਚ ਇੱਕ ਹੋਣਹਾਰ ਵਿਦਿਆਰਥੀ ਦੀ ਫੀਸ ਭਰੀ ਜਾਵੇਗੀ।

## ਵਜ਼ੀਫੇ ਅਤੇ ਵਿੱਤੀ ਸਹਾਇਤਾ

1. ਆਰਟਸ, ਸਾਇੰਸ ਅਤੇ ਕਾਮਰਸ ਕਲਾਸਾਂ ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਜਾਂ ਸਰਕਾਰ ਵੱਲੋਂ ਜੋ ਵਜ਼ੀਫੇ ਮਿਲਦੇ ਹਨ ਉਹਨਾਂ ਲਈ ਇਸ ਕਾਲਜ ਦੇ ਯੋਗ ਵਿਦਿਆਰਥੀ ਹੱਕਦਾਰ ਹੋਣਗੇ।
2. ਲੋੜਵੰਦ ਵਿਦਿਆਰਥੀਆਂ ਨੂੰ ਵਿਦਿਆਰਥੀ ਸਹਾਇਤਾ ਫੰਡ ਅਤੇ ਰੈੱਡ ਕਰਾਸ ਫੰਡ ਵਿੱਚੋਂ ਪੁਸਤਕਾਂ, ਫੀਸ ਲਈ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਇਹ ਸਹਾਇਤਾ ਅਗਸਤ, ਸਤੰਬਰ ਮਹੀਨੇ ਵਿੱਚ ਗਠਿਤ ਕਮੇਟੀ ਵੱਲੋਂ ਲੋੜਵੰਦ ਵਿਦਿਆਰਥੀਆਂ ਦੀ ਇੰਟਰਵਿਊ ਕਰਨ ਤੋਂ ਬਾਅਦ ਦਿੱਤੀ ਜਾਂਦੀ ਹੈ।
3. ਲੋੜਵੰਦ ਵਿਦਿਆਰਥੀਆਂ ਨੂੰ ਲਾਇਬਰੇਰੀ ਵਿੱਚੋਂ ਪਾਠ ਪੁਸਤਕਾਂ ਦੇ ਰੂਪ ਵਿੱਚ ਸਹਾਇਤਾ ਦਿੱਤੀ ਜਾਂਦੀ ਹੈ।
4. ਕਾਲਜ ਦੇ ਲੋੜਵੰਦ ਵਿਦਿਆਰਥੀ ਰੈੱਡ ਰਿਬਨ ਕਲੱਬ ਦੇ ਇੰਚਾਰਜ ਨਾਲ ਪੁਸਤਕਾਂ ਲੈਣ ਲਈ ਸੰਪਰਕ ਕਰ ਸਕਦੇ ਹਨ।

## ਵੱਖ-ਵੱਖ ਇਨਾਮਾਂ ਲਈ ਨਿਯਮ

1. ਵਿਦਿਆਰਥੀ ਦੀ ਪੜ੍ਹਾਈ, ਖੇਡਾਂ ਅਤੇ ਸੱਭਿਆਚਾਰਕ ਸਰਗਰਮੀਆਂ ਆਦਿ ਵਿੱਚ ਉਤਸ਼ਾਹ ਵਧਾਉਣ ਲਈ ਅਤੇ ਉਹਨਾਂ ਦੇ ਵਿਅਕਤੀਤਵ ਦੇ ਸਰਵਪੱਖੀ ਵਿਕਾਸ ਲਈ ਉਹਨਾਂ ਨੂੰ ਭਿੰਨ-ਭਿੰਨ ਇਨਾਮ ਦਿੱਤੇ ਜਾਂਦੇ ਹਨ।
2. ਇਹ ਇਨਾਮ ਸੰਬੰਧਿਤ ਇੰਚਾਰਜ ਦੀ ਸਿਫ਼ਾਰਸ਼ ਤੇ ਪ੍ਰਿੰਸੀਪਲ ਵੱਲੋਂ ਮਿਲੀ ਪ੍ਰਵਾਨਗੀ ਪਿੱਛੋਂ ਦਿੱਤੇ ਜਾਣਗੇ। ਅਜਿਹੀ ਸਿਫ਼ਾਰਸ਼ ਵਿਦਿਆਰਥੀਆਂ ਦੁਆਰਾ ਭਿੰਨ-ਭਿੰਨ ਖ਼ੇਤਰਾਂ ਵਿੱਚ ਹਾਸਲ ਕੀਤੀਆਂ ਪ੍ਰਾਪਤੀਆਂ ਉਪਰੰਤ ਹੀ ਕੀਤੀ ਜਾਵੇਗੀ। ਇਨਾਮ ਨਿਯਮਾਂ ਅਨੁਸਾਰ ਅਤੇ ਪ੍ਰਿੰਸੀਪਲ ਦੁਆਰਾ ਬਣਾਈ ਕਮੇਟੀ ਦੁਆਰਾ ਜਾਂਚ ਪੜਤਾਲ ਮਗਰੋਂ ਦਿੱਤੇ ਜਾਣਗੇ। ਇਨਾਮ ਦੇ ਇਛੁੱਕ

ਵਿਦਿਆਰਥੀ ਨੂੰ ਇਨਾਮ ਦਾ ਹੱਕਦਾਰ ਬਣਨ ਲਈ ਯੋਗ ਅਧਿਕਾਰੀ ਦੁਆਰਾ ਜਾਰੀ ਕੀਤੀਆਂ ਗਈਆਂ ਮੌਲਿਕ ਸਨਦਾਂ ਪੇਸ਼ ਕਰਨੀਆਂ ਚਾਹੀਦੀਆਂ ਹਨ।

3. ਇਹ ਸਾਰੇ ਇਨਾਮ ਇਸ ਸ਼ਰਤ ਤੇ ਮਿਲਣਗੇ ਕਿ ਵਿਦਿਆਰਥੀ ਨੇਕ ਚਾਲ ਚਲਣ ਤੇ ਸਹੀ ਵਿਵਹਾਰ ਵਾਲੇ ਹੋਣ। ਇਨ੍ਹਾਂ ਗੱਲਾਂ ਦੀ ਤਸਦੀਕ ਸੰਬੰਧਿਤ ਸਰਗਰਮੀਆਂ ਦੇ ਇੰਚਾਰਜ, ਟਿਊਟਰ ਦੁਆਰਾ ਕੀਤੀ ਗਈ ਹੋਵੇ ਅਤੇ ਪ੍ਰਿੰਸੀਪਲ ਦੁਆਰਾ ਵੀ ਪ੍ਰਵਾਨਗੀ ਦਿੱਤੀ ਹੋਵੇ।

## 1. ਵਿੱਦਿਅਕ ਅਵਾਰਡ ਲਈ ਨਿਯਮ

ਨੋਟ: ਹੇਠ ਲਿਖੇ ਵਿੱਦਿਅਕ ਇਨਾਮ ਤਾਂ ਹੀ ਮਿਲ ਸਕਣਗੇ ਜੇਕਰ ਵਿਦਿਆਰਥੀ ਸਾਰੇ ਵਿਸ਼ਿਆਂ ਵਿੱਚੋਂ ਪਾਸ ਹੋਵੇ। ਜਿਨ੍ਹਾਂ ਕਲਾਸਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਪੰਜ ਹੈ ਉੱਥੇ ਕੇਵਲ ਪਹਿਲੇ ਸਥਾਨ ਲਈ ਇਨਾਮ ਹੋਵੇਗਾ। ਵਿਦਿਆਰਥੀ ਉਸ ਕਲਾਸ ਵਿੱਚ ਪਹਿਲਾਂ ਫੇਲ੍ਹ ਨਾ ਹੋਇਆ ਹੋਵੇ ਅਤੇ ਨਾ ਹੀ ਯੂਨੀਵਰਸਿਟੀ ਜਾਂ ਬੋਰਡ ਵੱਲੋਂ ਪ੍ਰੀਖਿਆ ਦੇਣ ਤੋਂ ਵਰਜਿਤ ਕੀਤਾ ਗਿਆ ਹੋਵੇ।

## ਸਮੈਸਟਰ ਪ੍ਰੀਖਿਆ ਦੇ ਆਧਾਰ ਤੇ

ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਿੱਚ ਆਪਣੀ-ਆਪਣੀ ਕਲਾਸ ਵਿੱਚ ਕੁੱਲ ਜੋੜ ਦੇ ਅੰਕਾਂ ਵਿੱਚੋਂ ਪਹਿਲਾ ਅਤੇ ਦੂਸਰਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ ਪਹਿਲਾ ਤੇ ਦੂਸਰਾ ਅਕਾਦਮਿਕ ਇਨਾਮ ਇਸ ਸ਼ਰਤ ਤੇ ਦਿੱਤਾ ਜਾਵੇਗਾ ਕਿ ਵਿਦਿਆਰਥੀ ਨੇ ਘੱਟੋ- ਘੱਟ 60% ਅੰਕ ਪ੍ਰਾਪਤ ਕੀਤੇ ਹੋਣ।

## ਅਕਾਦਮਿਕ ਖ਼ੇਤਰ ਵਿੱਚ ਰੋਲ ਆਫ ਆਨਰ ਅਤੇ ਕਾਲਜ ਕਲਰ

ਅਕਾਦਮਿਕ ਖੇਤਰ ਵਿੱਚ ਰੋਲ ਆਫ ਆਨਰ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸ ਨੇ ਯੂਨੀਵਰਸਿਟੀ ਦੀਆਂ ਸਮੈਸਟਰ ਪ੍ਰੀਖਿਆਵਾਂ ਦੀ ਮੈਰਿਟ ਲਿਸਟ ਵਿੱਚ ਪਹਿਲੀਆਂ 25 ਪੁਜੀਸ਼ਨਾਂ ਵਿੱਚੋਂ ਪੁਜੀਸ਼ਨ ਹਾਸਲ ਕੀਤੀ ਹੋਵੇ। ਕਾਲਜ ਕਲਰ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸ ਨੇ ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆਵਾਂ ਦੀ ਮੈਰਿਟ ਲਿਸਟ ਵਿੱਚ ਪਹਿਲੇ 50 ਵਿੱਚੋਂ ਸਥਾਨ ਪ੍ਰਾਪਤ ਕੀਤਾ ਹੋਵੇ।

## 1. ਸਵ: ਸ੍ਰ ਕੁਲਵੰਤ ਸਿੰਘ ਵਿਰਕ ਅਤੇ ਕੈਪਟਨ ਲਾਲ ਸਿੰਘ ਮੈਮੋਰੀਅਲ ਅਵਾਰਡ

ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਸੁਦੀਪ ਭੰਗੂ ਜੀ ਵੱਲੋਂ ਸਵ: ਸ੍ਰ. ਕੁਲਵੰਤ ਸਿੰਘ ਵਿਰਕ ਅਤੇ ਕੈਪਟਨ ਲਾਲ ਸਿੰਘ ਮੈਮੋਰੀਅਲ ਅਵਾਰਡ 2010-11 ਸੈਸ਼ਨ ਤੋਂ ਸ਼ੁਰੂ ਕੀਤੇ ਗਏ ਹਨ। ਜਿਹੜਾ ਵਿਦਿਆਰਥੀ/ ਵਿਦਿਆਰਥਣ ਬੀ.ਏ. ਭਾਗ ਪਹਿਲਾ ਵਿੱਚੋਂ ਓਵਰਆਲ ਅੰਕਾਂ ਦੇ ਆਧਾਰ ਤੇ ਯੂਨੀਵਰਸਿਟੀ ਦੀਆਂ ਸਾਲਾਨਾ ਪ੍ਰੀਖਿਆਵਾਂ ਵਿੱਚੋਂ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕਰੇਗਾ, ਉਸ ਨੂੰ ਸਵ: ਕੁਲਵੰਤ ਸਿੰਘ ਵਿਰਕ ਮੈਮੋਰੀਅਲ ਅਵਾਰਡ ਮਿਲੇਗਾ। ਇਸੇ ਤਰ੍ਹਾਂ ਬੀ.ਕਾਮ. ਭਾਗ ਪਹਿਲਾ ਅਤੇ ਬੀ.ਐਸ.ਸੀ. ਭਾਗ ਪਹਿਲਾ ਵਿੱਚੋਂ ਕਾਲਜ ਵਿੱਚੋਂ ਪਹਿਲੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਕੈਪਟਨ ਲਾਲ ਸਿੰਘ ਮੈਮੋਰੀਅਲ ਅਵਾਰਡ ਮਿਲੇਗਾ।

## 2. ਸਵ: ਸ਼੍ਰੀਮਤੀ ਸੋਧਾ ਦੇਵੀ ਅਤੇ ਸਵ: ਸ਼੍ਰੀ ਮਦਨ ਲਾਲ ਯਾਦਗਾਰੀ ਅਵਾਰਡ

ਕਾਲਜ ਦੇ ਸਾਬਕਾ ਐਸੋਸੀਏਟ ਪ੍ਰੋਫੈਸਰ ਸੁਰੇਸ਼ ਚੰਦ ਸਿੰਗਲਾ ਵੱਲੋਂ ਆਪਣੇ ਮਾਤਾ-ਪਿਤਾ ਦੀ ਯਾਦ ਵਿੱਚ ਸਵ: ਸ਼੍ਰੀਮਤੀ ਸੋਧਾ ਦੇਵੀ ਅਤੇ ਸਵ: ਸ਼੍ਰੀ ਮਦਨ ਲਾਲ ਯਾਦਗਾਰੀ ਅਵਾਰਡ 2018-19 ਸੈਸ਼ਨ ਤੋਂ ਸ਼ੁਰੂ ਕੀਤਾ ਗਿਆ ਹੈ। ਜਿਹੜਾ ਵਿਦਿਆਰਥੀ/ ਵਿਦਿਆਰਥਣ ਬੀ.ਏ. ਭਾਗ ਪਹਿਲਾ, ਦੂਜਾ ਅਤੇ ਤੀਜਾ ਵਿੱਚੋਂ ਓਵਰਆਲ ਅੰਕਾਂ ਦੇ ਆਧਾਰ ਤੇ ਯੂਨੀਵਰਸਿਟੀ ਦੀਆਂ ਸਮੈਸਟਰ/ਸਲਾਨਾ ਪ੍ਰੀਖਿਆਵਾਂ ਵਿੱਚੋਂ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕਰੇਗਾ, ਉਸ ਨੂੰ ਸਵ: ਸ਼੍ਰੀਮਤੀ ਸੋਧਾ ਦੇਵੀ ਅਤੇ ਸਵ:

ਸ਼੍ਰੀ ਮਦਨ ਲਾਲ ਯਾਦਗਾਰੀ ਅਵਾਰਡ ਮਿਲੇਗਾ।

### 3. ਸਵ: ਸ੍ਰ. ਜੁਝਾਰ ਸਿੰਘ ਵਿਰਕ ਮੈਮੋਰੀਅਲ ਸਕਾਲਰਸ਼ਿਪ ਅਵਾਰਡ

ਡਾ. ਰਮਨਦੀਪ ਕੌਰ ਕੈਮਿਸਟਰੀ ਵਿਭਾਗ ਵੱਲੋਂ ਆਪਣੇ ਪਿਤਾ ਦੀ ਯਾਦ ਵਿੱਚ ਸਵ: ਸ੍ਰ. ਜੁਝਾਰ ਸਿੰਘ ਵਿਰਕ ਮੈਮੋਰੀਅਲ ਸਕਾਲਰਸ਼ਿਪ ਅਵਾਰਡ ਸ਼ੈਸਨ 2018-19 ਤੋਂ ਸ਼ੁਰੂ ਕੀਤਾ ਗਿਆ। ਜਿਹੜਾ ਵਿਦਿਆਰਥੀ/ ਵਿਦਿਆਰਥਣ ਬੀ.ਐਸ.ਸੀ. ਭਾਗ ਪਹਿਲਾ, ਦੂਜਾ ਅਤੇ ਤੀਜਾ ਵਿੱਚੋਂ ਓਵਰਆਲ ਅੰਕਾਂ ਦੇ ਆਧਾਰ ਤੇ ਯੂਨੀਵਰਸਿਟੀ ਦੀਆਂ ਸਮੈਸਟਰ/ਸਲਾਨਾ ਪ੍ਰੀਖਿਆਵਾਂ ਵਿੱਚੋਂ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕਰੇਗਾ, ਉਸ ਨੂੰ ਸਵ: ਸ੍ਰ. ਜੁਝਾਰ ਸਿੰਘ ਵਿਰਕ ਮੈਮੋਰੀਅਲ ਸਕਾਲਰਸ਼ਿਪ ਅਵਾਰਡ ਮਿਲੇਗਾ।

### 4. ਸਾਬਕਾ ਅਸੀਸਟੈਂਟ ਪ੍ਰੋਫੈਸਰ ਗੁਰਜੰਟ ਸਿੰਘ ਵੱਲੋਂ ਬੈਸਟ ਖਿਡਾਰੀ ਨੂੰ ਦਿੱਤਾ ਜਾਣ ਵਾਲਾ ਅਵਾਰਡ

ਕਾਲਜ ਦੇ ਸਾਬਕਾ ਅਸੀਸਟੈਂਟ ਪ੍ਰੋਫੈਸਰ ਗੁਰਜੰਟ ਸਿੰਘ (ਫਿਜੀਕਲ ਐਜੂਕੇਸ਼ਨ) ਵੱਲੋਂ ਸੇਵਾ ਮੁਕਤ ਹੋਣ ਤੇ 50,000/- ਰੁ: ਦੀ ਰਾਸ਼ੀ ਦਿੱਤੀ ਗਈ । ਇਸ ਰਾਸ਼ੀ ਦੇ ਸਾਲਾਨਾ ਵਿਆਜ ਵਿੱਚੋਂ ਹਰ ਸਾਲ ਸਾਲਾਨਾ ਖੇਡ ਸਮਾਰੋਹ ਵਿੱਚ ਬੈਸਟ ਐਥਲੀਟ (ਲੜਕੇ) ਅਤੇ ਬੈਸਟ ਐਥਲੀਟ (ਲੜਕੀਆਂ) ਨੂੰ ਇਨਾਮ ਦਿੱਤਾ ਜਾਵੇਗਾ।

### 5. ਸਵ: ਸ਼੍ਰੀ ਚੰਦ ਸਿੰਘ ਨੰਬਰਦਾਰ ਮੈਮੋਰੀਅਲ ਅਵਾਰਡ

ਕਾਲਜ ਦੇ ਸਾਬਕਾ ਪ੍ਰੋਫੈਸਰ ਡਾ. ਪਰਮਿੰਦਰ ਸਿੰਘ ਵੱਲੋਂ ਆਪਣੇ ਪਿਤਾ ਸ਼੍ਰੀ ਚੰਦ ਸਿੰਘ ਜੀ ਦੀ ਯਾਦ ਵਿੱਚ ਦਿੱਤਾ ਜਾਣ ਵਾਲਾ ਅਵਾਰਡ ਐਮ.ਏ. (ਇਤਿਹਾਸ) ਭਾਗ ਪਹਿਲਾ ਅਤੇ ਦੂਜਾ ਵਿੱਚੋਂ ਪਹਿਲੇ ਸਥਾਨ ਤੇ ਆਣ ਵਾਲੇ ਵਿਦਿਆਰਥੀਆਂ ਨੂੰ ਮਿਲੇਗਾ ।

## 2. ਸੱਭਿਆਚਾਰਕ ਸਰਗਰਮੀਆਂ ਅਵਾਰਡ ਲਈ ਨਿਯਮ

**ਰੋਲ ਆਫ ਆਨਰ**

(ੳ) ਜੋ ਵਿਦਿਆਰਥੀ ਅੰਤਰ ਯੂਨੀਵਰਸਿਟੀ/ਰਾਸ਼ਟਰੀ ਪੱਧਰ ਤੇ ਫੈਸਟੀਵਲ ਦੇ ਕਿਸੇ ਵਿਅਕਤੀਗਤ ਆਈਟਮ ਵਿੱਚੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰੇ।

(ਅ) ਅੰਤਰ ਯੂਨੀਵਰਸਿਟੀ ਫੈਸਟੀਵਲ ਦੇ ਕਿਸੇ ਗਰੁੱਪ ਆਈਟਮ ਵਿੱਚੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਸਮੁੱਚੀ ਟੀਮ ਨੂੰ।

(ੲ) ਜੋ ਵਿਦਿਆਰਥੀ ਭਾਰਤ ਜਾਂ ਰਾਜ ਸਰਕਾਰ ਵੱਲੋਂ ਬਹਾਦਰੀ ਦੇ ਉੱਘੇ ਕਾਰਨਾਮਿਆਂ ਲਈ ਸਨਮਾਨਿਆ ਗਿਆ ਹੋਵੇ।

(ਸ) ਜਿਹੜਾ ਵਿਦਿਆਰਥੀ ਲਗਾਤਾਰ ਤਿੰਨ ਸਾਲ ਕਾਲਜ ਕਲਰ ਪ੍ਰਾਪਤ ਕਰਦਾ ਹੈ, ਉਸ ਨੂੰ ਤੀਜੇ ਸਾਲ ਰੋਲ ਆਫ਼ ਆਨਰ ਦਿੱਤਾ ਜਾਵੇਗਾ।

**ਕਾਲਜ ਕਲਰ**

(ੳ) ਜਿਸ ਵਿਦਿਆਰਥੀ ਨੇ ਅੰਤਰ ਜ਼ੋਨਲ ਯੂਥ ਫੈਸਟੀਵਲ ਦੀ ਕਿਸੇ ਵਿਅਕਤੀਗਤ ਜਾਂ ਟੀਮ ਦੇ ਤੌਰ 'ਤੇ ਮੁਕਾਬਲੇ ਜਾਂ ਗਰੁੱਪ ਆਈਟਮ ਵਿੱਚੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ।

(ਅ)ਪੰਜਾਬ ਸਰਕਾਰ ਜਾਂ ਪੰਜਾਬ ਸੱਭਿਆਚਾਰਕ ਵਿਭਾਗ ਵੱਲੋਂ ਸਮੇਂ-ਸਮੇਂ ਤੇ ਕਰਵਾਏ ਜਾਣ ਵਾਲੇ ਸੱਭਿਆਚਾਰਕ ਮੁਕਾਬਲਿਆਂ (ਰਾਜ ਪੱਧਰ ਦੇ) ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ।

**ਮੈਰਿਟ ਸਰਟੀਫਿਕੇਟ**

(ੳ) ਜਿਸ ਵਿਦਿਆਰਥੀ ਨੇ ਜ਼ੋਨਲ ਜਾਂ ਅੰਤਰ ਕਾਲਜ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ।

(ਅ)ਰਾਜ ਸਰਕਾਰ ਜਾਂ ਪੰਜਾਬ ਸੱਭਿਆਚਾਰਕ ਵਿਭਾਗ ਵੱਲੋਂ ਜ਼ਿਲ੍ਹਾ ਪੱਧਰ ਦੇ ਕਰਵਾਏ ਗਏ ਮੁਕਾਬਲਿਆਂ ਵਿੱਚੋਂ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ।

(ੲ) ਵੱਖਰੇ-ਵੱਖਰੇ ਕਾਲਜਾਂ ਵੱਲੋਂ ਕਰਵਾਏ ਜਾਣ ਵਾਲੇ ਅੰਤਰ ਕਾਲਜ ਸੱਭਿਆਚਾਰਕ ਮੁਕਾਬਲਿਆਂ ਵਿੱਚੋਂ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ।

## 3. ਸਪੋਰਟਸ ਅਵਾਰਡ ਦੇ ਨਿਯਮ

### ਰੋਲ ਆਫ ਆਨਰ ਦੇ ਨਿਯਮ

ਰੋਲ ਆਫ ਆਨਰ ਦਾ ਮਾਣ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ :-

1. ਜਿਸ ਨੇ ਅੰਤਰ ਯੂਨੀਵਰਸਿਟੀ ਜਾਂ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ ।
2. ਜਿਸ ਨੇ ਸਟੇਟ /ਯੂਨੀਵਰਸਿਟੀ ਪੱਧਰ ਤੇ ਘੱਟੋ ਘੱਟ ਦਸ ਅੰਕ ਪ੍ਰਾਪਤ ਕੀਤੇ ਹੋਣ।
3. ਜਿਹੜਾ ਵਿਦਿਆਰਥੀ ਲਗਾਤਾਰ 3 ਸਾਲ ਕਾਲਜ ਕਲਰ ਪ੍ਰਾਪਤ ਕਰਦਾ ਹੈ, ਉਸਨੂੰ ਤੀਜੇ ਸਾਲ ਰੋਲ ਆਫ ਆਨਰ ਦਿੱਤਾ ਜਾਵੇਗਾ ।

### ਕਾਲਜ ਕਲਰ ਦੇ ਨਿਯਮ :

(ੳ) ਜਿਸ ਨੇ ਯੂਨੀਵਰਸਿਟੀ, ਰਾਜ ਪੱਧਰੀ ਜਾਂ ਜਿਹੜੀਆਂ ਐਸੋਸੀਏਸ਼ਨਾਂ ਨੂੰ ਸਰਕਾਰ ਵੱਲੋਂ ਮਾਨਤਾ ਮਿਲੀ ਹੋਵੇ, ਦੇ ਮੁਕਾਬਲਿਆਂ ਵਿੱਚੋਂ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ।

(ਅ) ਜੋ ਵਿਦਿਆਰਥੀ ਸਾਲਾਨਾ ਖੇਡਾਂ ਵਿੱਚ ਬੈਸਟ ਐਥਲੀਟ ਰਿਹਾ ਹੋਵੇ ।

(ੲ) ਜੋ ਖਿਡਾਰੀ ਯੂਨੀਵਰਸਿਟੀ ਟੀਮ ਦਾ ਮੈਂਬਰ ਚੁਣਿਆ ਗਿਆ ਹੋਵੇ ।

### ਮੈਰਿਟ ਸਰਟੀਫਿਕੇਟ

(ੳ) ਜਿਸ ਵਿਦਿਆਰਥੀ ਨੇ ਯੂਨੀਵਰਸਿਟੀ ਪੱਧਰ ਦੇ ਮੁਕਾਬਲਿਆ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ ।

(ਅ) ਮੁੱਖੀ ਖੇਡ ਵਿਭਾਗ ਦੀ ਸਿਫਾਰਿਸ਼ ਤੇ 5 ਵਿਦਿਆਰਥੀ ਜਿਨ੍ਹਾਂ ਨੇ ਪੂਰਾ ਸ਼ੈਸ਼ਨ ਆਪਣੀ ਖੇਡ ਦੇ ਨਾਲ-ਨਾਲ ਕਾਲਜ ਦੇ ਗਰਾਊਂਡ ਦੀ ਸਾਂਭ-ਸੰਭਾਲ ਵਿੱਚ ਯੋਗਦਾਨ ਪਾਇਆ ਹੋਵੇ ।

## 4. ਐਨ.ਐਸ.ਐਸ. ਅਵਾਰਡ ਲਈ ਨਿਯਮ

ਕਾਲਜ ਵਿੱਚ ਦਾਖ਼ਲਾ ਲੈ ਕੇ ਚੁੱਕੇ ਵਿਦਿਆਰਥੀ, ਵਿਦਿਆਰਥਣਾਂ ਲਈ ਪੜ੍ਹਾਈ ਦੇ ਨਾਲ-ਨਾਲ ਸ਼ਖ਼ਸੀਅਤ ਨਿਰਮਾਣ ਲਈ ਕਾਲਜ ਵਿੱਚ ਐਨ.ਐਸ.ਐਸ. ਵਿੱਚ ਹੇਠ ਲਿਖੇ ਅਨੁਸਾਰ ਵਿਦਿਆਰਥੀ ਰੱਖੇ ਜਾਂਦੇ ਹਨ :-

| | |
|---|---|
| 1. ਐਨ.ਐਸ.ਐਸ. ਯੂਨਿਟ ਨੰ -I (ਲੜਕੇ) | 100 ਵਿਦਿਆਰਥੀ (ਲੱਗਭੱਗ) |
| 2. ਐਨ.ਐਸ.ਐਸ. ਯੂਨਿਟ ਨੰ -II (ਲੜਕੀਆਂ) | 100 ਵਿਦਿਆਰਥੀ (ਲੱਗਭੱਗ) |
| 3. ਐਨ.ਐਸ.ਐਸ. ਯੂਨਿਟ ਨੰ -III (ਲੜਕੇ-ਲੜਕੀਆਂ) | 100ਵਿਦਿਆਰਥੀ/ਵਿਦਿਆਰਥਣਾਂ (ਲੱਗਭੱਗ) |

### ਰੋਲ ਆਫ ਆਨਰ

(ੳ) ਰੋਲ ਆਫ ਆਨਰ ਉਸ ਵਲੰਟੀਅਰ ਨੂੰ ਦਿੱਤਾ ਜਾਵੇਗਾ ਜਿਸ ਨੇ ਕਿਸੇ ਰਾਸ਼ਟਰੀ ਕੈਂਪ ਜਾਂ ਅੰਤਰ ਯੂਨੀਵਰਸਿਟੀ ਕੈਂਪ ਵਿੱਚ ਹਿੱਸਾ ਲਿਆ ਹੋਵੇ ।

(ਅ) ਜਿਹੜਾ ਵਿਦਿਆਰਥੀ ਲਗਾਤਾਰ ਤਿੰਨ ਸਾਲ ਕਾਲਜ ਕਲਰ ਪ੍ਰਾਪਤ ਕਰਦਾ ਹੈ, ਉਸ ਨੂੰ ਤੀਜੇ ਸਾਲ ਰੋਲ ਆਫ਼ ਆਨਰ ਦਿੱਤਾ ਜਾਵੇਗਾ।

### ਕਾਲਜ ਕਲਰ

ਅੰਤਰ ਕਾਲਜ ਕੈਂਪ ਜਾਂ ਸੱਤ ਰੋਜ਼ਾ N.S.S ਕੈਂਪ ਵਿੱਚ ਬੈਸਟ ਵਲੰਟੀਅਰ (ਕਾਲਜ) ਦਾ ਖ਼ਿਤਾਬ ਪ੍ਰਾਪਤ ਕੀਤਾ ਹੋਵੇ।

### ਵਿਸ਼ੇਸ਼ ਇਨਾਮ/ਮੈਰਿਟ ਸਰਟੀਫਿਕੇਟ

(ੳ) ਹਰ ਸਾਲ ਐਨ.ਐਸ.ਐਸ. ਦੇ 15 ਵਲੰਟੀਅਰਾਂ (ਹਰੇਕ ਯੂਨਿਟ ਵਿੱਚੋਂ 5) ਨੂੰ ਦਿੱਤਾ ਜਾਵੇਗਾ ਜਿਨ੍ਹਾਂ ਨੇ ਐਨ.ਐਸ.ਐਸ. ਦੀਆਂ

ਗਤੀਵਿਧੀਆਂ ਤੋਂ ਇਲਾਵਾ ਕੈਂਪਸ ਦੀ ਸੁੰਦਰਤਾ, ਅਨੁਸ਼ਾਸਨ ਅਤੇ ਕਾਲਜ ਦੇ ਸਮਾਰੋਹਾਂ ਤੇ ਵਿਸ਼ੇਸ਼ ਯੋਗਦਾਨ ਦਿੱਤਾ ਹੋਵੇ।

(ਅ) ਜਿਸ ਵਿਦਿਆਰਥੀ ਨੇ ਅੰਤਰ ਕਾਲਜ ਐਨ.ਐਸ.ਐਸ. ਕੈਂਪ ਵਿੱਚ ਹਿੱਸਾ ਲਿਆ ਹੋਵੇ, ਉਸਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਵੇਗਾ ।

## 5. ਯੂਥ ਰੈੱਡ ਕਰਾਸ/ਰੈੱਡ ਰਿਬਨ ਅਵਾਰਡ ਲਈ ਨਿਯਮ

### ਰੋਲ ਆਫ ਆਨਰ :

ਇਹ ਅਵਾਰਡ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸਨੂੰ ਰਾਸ਼ਟਰੀ ਕੈਂਪ ਵਿੱਚ ਵਿਸ਼ੇਸ਼ ਪ੍ਰਾਪਤੀ ਜਾਂ ਬੈਸਟ ਵਲੰਟੀਅਰ ਦਾ ਖਿਤਾਬ ਪ੍ਰਾਪਤ ਕੀਤਾ ਹੋਵੇਗਾ ।

### ਕਾਲਜ ਕਲਰ

ਕਾਲਜ ਕਲਰ ਉਸ ਵਲੰਟੀਅਰ ਨੂੰ ਦਿੱਤਾ ਜਾਵੇਗਾ ਜਿਸ ਨੇ ਰੈੱਡ ਕਰਾਸ ਦੀਆਂ ਵੱਖ-ਵੱਖ ਗਤੀ ਵਿਧੀਆਂ ਵਿਚੋਂ ਜਾਂ ਕਾਲਜ ਵਿੱਚ ਲੱਗੇ ਕੈਂਪਾਂ ਵਿੱਚੋਂ ਬੈਸਟ ਵਲੰਟੀਅਰ ਹੋਵੇ ।

### ਮੈਰਿਟ ਸਰਟੀਫਿਕੇਟ

ਮੈਰਿਟ ਸਰਟੀਫਿਕੇਟ ਘੱਟੋ-ਘੱਟ 10 ਵਲੰਟੀਅਰਜ਼ ਨੂੰ ਯੂਥ ਰੈੱਡ ਕਰਾਸ/ਰੈੱਡ ਰਿਬਨ ਕਲੱਬ ਦੇ ਇੰਚਾਰਜ ਦੀ ਸਿਫਾਰਿਸ਼ ਤੇ ਉਹਨਾਂ ਵਲੰਟੀਅਰਜ਼ ਨੂੰ ਦਿੱਤਾ ਜਾਵੇਗਾ ਜਿਹਨਾਂ ਨੇ ਕਾਲਜ ਕੈਂਪਸ ਦੀਆਂ ਰੈੱਡ ਕਰਾਸ ਵਿਭਾਗ/ਰੈੱਡ ਰਿਬਨ ਕਲੱਬ ਦੀਆਂ ਗਤੀਵਿਧੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਹੋਵੇਗਾ ਅਤੇ ਘੱਟੋ-ਘੱਟ 500 ਰੁ: ਦੇ ਫਲੈਗ ਵੇਚ ਕੇ ਚੰਦਾ ਇਕੱਠਾ ਕੀਤਾ ਹੋਵੇਗਾ । ਕਾਲਜ ਦੇ ਰੈੱਡ ਰਿਬਨ ਕਲੱਬ ਵੱਲੋਂ ਹਰ ਸਾਲ ਕਰਵਾਏ ਜਾਣ ਵਾਲੇ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਇਨਾਮ ਸਾਲਾਨਾ ਇਨਾਮ ਵੰਡ ਸਮਾਰੋਹ ਮੌਕੇ ਪ੍ਰਦਾਨ ਕੀਤੇ ਜਾਣਗੇ।

## ਕਾਲਜ ਲਾਇਬਰੇਰੀ ਸੰਬੰਧੀ ਨਿਯਮ

ਕਾਲਜ ਲਾਇਬਰੇਰੀ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਲੱਗਭੱਗ 30,445 ਪੁਸਤਕਾਂ ਹਨ । ਵਿਦਿਆਰਥੀ ਲਾਇਬਰੇਰੀ ਤੋਂ ਆਪਣੀ ਸਹੂਲਤ ਲਈ ਪੁਸਤਕਾਂ ਜਾਰੀ ਕਰਵਾ ਸਕਦੇ ਹਨ । ਹਰ ਕਲਾਸ ਦੇ ਵਿਦਿਆਰਥੀਆਂ ਨੂੰ ਇੱਕ ਸਮੇਂ ਮਿਲਣ ਵਾਲੀਆਂ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ੳ) ਹਰ ਕਲਾਸ ਦੇ ਵਿਦਿਆਰਥੀ ਨੂੰ ਇਕ ਸਮੇਂ ਦੋ ਪੁਸਤਕਾਂ ਮਿਲ ਸਕਦੀਆਂ ਹਨ।
   ਅ) ਐਮ.ਏ. ਦੇ ਵਿਦਿਆਰਥੀ ਪੰਜ ਪੁਸਤਕਾਂ ਲੈ ਸਕਦੇ ਹਨ।
2. ਜੋ ਵਿਦਿਆਰਥੀ ਕਾਲਜ ਪੁਸਤਕਾਲੇ ਦੀ ਕਿਤਾਬ ਗੁਆ ਦੇਣ ਜਾਂ ਖਰਾਬ ਕਰ ਦੇਣ ਤਾਂ ਉਸਨੂੰ ਉਸ ਕਿਤਾਬ ਦਾ ਵਰਤਮਾਨ ਲੜੀ ਦਾ ਮੁੱਲ ਭਰਨਾ ਪਵੇਗਾ। ਕਿਤਾਬਾਂ ਦੇ ਕਿਸੇ ਸੈੱਟ ਜਾਂ ਲੜੀ ਵਿੱਚ ਗੁਆਚੀ ਜਾਂ ਖਰਾਬ ਕੀਤੀ ਕਿਤਾਬ ਦੀ ਥਾਂ ਸਮੁੱਚੇ ਸੈੱਟ ਜਾਂ ਲੜੀ ਦਾ ਮੁੱਲ ਭਰਨਾ ਪਵੇਗਾ। ਜੇ ਗੁਆਚੀ ਜਾਂ ਖਰਾਬ ਕੀਤੀ ਪੁਸਤਕ ਹੁਣ ਦੁਰਲਭ ਹੋ ਗਈ ਹੋਵੇ ਤਾਂ ਉਸ ਦੀ ਕੀਮਤ ਦੇ ਨਾਲ ਵਿਸ਼ੇਸ਼ ਜੁਰਮਾਨਾ ਵੀ ਭਰਨਾ ਪਵੇਗਾ। ਇਸ ਸੰਬੰਧ ਵਿੱਚ ਲਾਇਬਰੇਰੀਅਨ/ਪ੍ਰਿੰਸੀਪਲ ਦਾ ਫੈਸਲਾ ਆਖਰੀ ਹੋਵੇਗਾ।
3. ਕਿਤਾਬ ਦੇ ਮੋੜਨ ਸਮੇਂ ਕਾਰਡ ਅੰਦਰ ਕਿਤਾਬ ਵਾਪਸੀ ਦਾ ਇੰਦਰਾਜ ਕਰਾਉਣ ਦੀ ਕਿਤਾਬ ਲੈਣ ਵਾਲੇ ਦੀ ਆਪਣੀ ਜ਼ਿੰਮੇਵਾਰੀ ਹੈ।
4. ਸੁਰੱਖਿਅਤ ਹਵਾਲਾ, ਪੁਸਤਕਾਂ, ਮਹਾਂਕੋਸ਼, ਇਨਸਾਈਕਲੋਪੀਡੀਆ ਆਦਿ ਦੀ ਲੋੜ ਪੈਣ ਤੇ ਪੁਸਤਕਾਲੇ ਵਿੱਚ ਲਾਇਬਰੇਰੀਅਨ ਦੀ ਆਗਿਆ ਨਾਲ ਪੜ੍ਹੀਆਂ ਜਾ ਸਕਦੀਆਂ ਹਨ ਪਰ ਜਾਰੀ ਨਹੀਂ ਕੀਤੀਆਂ ਜਾਣਗੀਆਂ ।
5. ਇਮਤਿਹਾਨ ਖ਼ਤਮ ਹੋਣ ਤੋਂ ਇੱਕ ਹਫ਼ਤੇ ਦੇ ਅੰਦਰ ਪੁਸਤਕਾਂ (ਟੈਕਸਟ ਬੁੱਕ) ਵਾਪਸ ਨਾ ਕਰਨ ਵਾਲਿਆਂ ਦੀ ਸੂਚੀ ਦਫ਼ਤਰ ਵਿੱਚ ਅਤੇ ਕਮੇਟੀ ਨੂੰ ਦਿੱਤੀ ਜਾਵੇਗੀ ਤਾਂ ਜੋ ਵਿਦਿਆਰਥੀ ਦਾ ਚਰਿੱਤਰ ਸਰਟੀਫਿਕੇਟ, ਯੂਨੀਵਟਸਿਟੀ ਡਿਟੇਲ ਮਾਰਕਸ ਸਰਟੀਫਿਕੇਟ, ਲਾਇਬਰੇਰੀ ਜ਼ਮਾਨਤ ਦੀ ਵਾਪਸੀ ਰੋਕ ਦਿੱਤੀ ਜਾਵੇਗੀ ।
6. ਲਾਇਬਰੇਰੀ ਵਿੱਚੋਂ ਪੁਸਤਕ 14 ਦਿਨਾਂ ਲਈ ਜਾਰੀ ਕੀਤੀ ਜਾਵੇਗੀ। ਪੁਸਤਕ ਸਮੇਂ ਸਿਰ ਵਾਪਸ ਨਾ ਕਰਨ ਤੇ 10 ਪੈਸੇ ਪ੍ਰਤੀ ਦਿਨ ਜੁਰਮਾਨਾ ਕੀਤਾ ਜਾਵੇਗਾ। ਪੁਸਤਕ ਰੀਨਿਊ ਕਰਵਾਉਣ ਲਈ ਪੁਸਤਕ ਦਾ ਲਾਇਬਰੇਰੀ ਲੈ ਕੇ ਆਉਣਾ ਜ਼ਰੂਰੀ ਹੈ।
7. ਲਾਇਬਰੇਰੀ ਜ਼ਮਾਨਤ ਕਾਲਜ ਛੱਡਣ ਤੋਂ ਕੇਵਲ ਇੱਕ ਸਾਲ ਦੇ ਅੰਦਰ-ਅੰਦਰ ਲਈ ਜਾ ਸਕਦੀ ਹੈ। ਇਸ ਤੋਂ ਬਾਅਦ ਇਹ

ਰਕਮ ਜ਼ਬਤ ਹੋ ਜਾਵੇਗੀ।

8. ਲਾਇਬਰੇਰੀ ਅਤੇ ਰੀਡਿੰਗ ਰੂਮ ਵਿੱਚ ਚੁੱਪ ਰਹਿਣਾ ਅਤੇ ਅਨੁਸ਼ਾਸਨ ਕਾਇਮ ਰੱਖਣਾ ਜ਼ਰੂਰੀ ਹੈ। ਅਨੁਸ਼ਾਸਨ ਭੰਗ ਕਰਨ ਵਾਲੇ ਨੂੰ ਜ਼ੁਰਮਾਨਾ ਕੀਤਾ ਜਾ ਸਕਦਾ ਹੈ।

**ਸ਼ਨਾਖ਼ਤੀ/ ਲਾਇਬਰੇਰੀ ਕਾਰਡ**

ਹਰ ਵਿਦਿਆਰਥੀ ਨੂੰ ਇੱਕ ਲਾਇਬਰੇਰੀ/ਸ਼ਨਾਖ਼ਤੀ ਕਾਰਡ ਦਿੱਤਾ ਜਾਵੇਗਾ। ਕਿਤਾਬ ਲੈਣ ਜਾਂ ਵਾਪਸ ਕਰਨ ਵੇਲੇ ਉਸ ਦਾ ਇੰਦਰਾਜ ਕਾਰਡ ਉੱਤੇ ਹੋਵੇਗਾ ਅਤੇ ਇਸ ਵਿੱਚ ਦਰਜ ਹੋਈਆਂ ਸਾਰੀਆਂ ਕਿਤਾਬਾਂ ਦਾ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ।ਕਾਲਜ ਦੇ ਸਮੇਂ ਵਿੱਚ ਹਰ ਵਿਦਿਆਰਥੀ ਕੋਲ ਸ਼ਨਾਖ਼ਤੀ ਕਾਰਡ ਹੋਣਾ ਜ਼ਰੂਰੀ ਹੈ। ਇਸ ਦੇ ਨਾ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਜ਼ੁਰਮਾਨਾ ਕੀਤਾ ਜਾ ਸਕਦਾ ਹੈ। ਕਾਲਜ ਵਿੱਚ ਲੋੜ ਪੈਣ ਤੇ ਸ਼ਨਾਖ਼ਤੀ ਕਾਰਡ ਸੰਬੰਧਿਤ ਅਧਿਕਾਰੀ ਨੂੰ ਵਿਖਾਉਣਾ ਜ਼ਰੂਰੀ ਹੈ।

ਜੇ ਸ਼ਨਾਖ਼ਤੀ ਕਾਰਡ ਗੁਆਚ ਜਾਵੇ ਤਾਂ ਲਾਇਬਰੇਰੀਅਨ ਨੂੰ ਤੁਰੰਤ ਇਤਲਾਹ ਦੇਣੀ ਚਾਹੀਦੀ ਹੈ ਅਤੇ ਪੁਲਿਸ ਰਿਪੋਰਟ (FIR) ਦਰਜ ਕਰਵਾਉਣੀ ਜ਼ਰੂਰੀ ਹੈ ਤਾਂ ਜੋ ਕੋਈ ਹੋਰ ਉਸ ਕਾਰਡ ਦੀ ਵਰਤੋਂ ਨਾ ਕਰ ਸਕੇ। ਇਸ ਸੰਬੰਧੀ ਇੱਕ ਨੋਟਿਸ, ਨੋਟਿਸ ਬੋਰਡ ਤੇ ਲਗਾਇਆ ਜਾਵੇ ਅਤੇ ਇੱਕ ਨੋਟਿਸ ਡੁਪਲੀਕੇਟ ਫਾਰਮ ਨਾਲ ਲਾਇਆ ਜਾਵੇ। ਡੁਪਲੀਕੇਟ ਸ਼ਨਾਖ਼ਤੀ ਕਾਰਡ 250 ਰੁਪਏ (ਕਾਰਡ ਦਾ ਮੁੱਲ ਅਤੇ ਜ਼ੁਰਮਾਨਾ) ਭਰਕੇ, ਇੱਕ ਪਾਸਪੋਰਟ ਸਾਈਜ਼ ਦੀ ਫੋਟੋ ਤੇ ਹਲਫ਼ੀਆ ਬਿਆਨ ਦੇ ਕੇ ਜਾਰੀ ਕਰਵਾਇਆ ਜਾ ਸਕਦਾ ਹੈ।

ਵਿਦਿਆਰਥੀ ਰੋਲ ਨੰਬਰ ਅਤੇ ਲਾਇਬਰੇਰੀ ਤੋਂ ਬਕਾਇਆ ਨਹੀਂ (No Dues) ਸਲਿੱਪ ਲੈਣ ਵੇਲੇ ਤੱਕ ਲਾਇਬਰੇਰੀ/ਸ਼ਨਾਖ਼ਤੀ ਕਾਰਡ ਸੰਭਾਲ ਕੇ ਰੱਖਣ ਕਿਉਂਕਿ ਇਸ ਕਾਰਡ ਤੋਂ ਬਗੈਰ ਕਾਲਜ ਮੈਗਜ਼ੀਨ 'ਊਧਮ ਜਯੋਤੀ', ਲਾਇਬਰੇਰੀ ਜ਼ਮਾਨਤ ਅਤੇ ਯੂਨੀਵਰਸਿਟੀ ਰੋਲ ਨੰਬਰ ਆਦਿ ਨਹੀਂ ਦਿੱਤੇ ਜਾਣਗੇ। ਇਹ ਕਾਰਡ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਬੈਠਣ ਲਈ ਜ਼ਰੂਰੀ ਹੈ।

## ਕਾਲਜ ਛੱਡਣ ਸੰਬੰਧੀ ਨਿਯਮ

ਕਾਲਜ ਛੱਡਣ ਦੇ ਇਛੁੱਕ ਵਿਦਿਆਰਥੀ ਬਾਕਾਇਦਾ ਅਤੇ ਉਪਚਾਰਿਕ ਤੌਰ ਤੇ ਲਿਖਤੀ ਪੱਤਰ ਰਾਹੀਂ ਬੇਨਤੀ ਕਰਨਗੇ। ਜਦ ਤੱਕ ਵਿਦਿਆਰਥੀ ਦਾ ਨਾਂ ਰਸਮੀ ਤੌਰ ਤੇ ਕੱਟਿਆ ਨਹੀਂ ਜਾਂਦਾ, ਉਸਨੂੰ ਕਾਲਜ ਦੇ ਭਰਨ ਯੋਗ ਖਰਚੇ ਅਤੇ ਜ਼ੁਰਮਾਨੇ ਜੋ ਉਸ ਵੱਲ ਬਕਾਇਆ ਨਿਕਲਦੇ ਹੋਣਗੇ, ਦੇਣੇ ਪੈਣਗੇ। ਜਿਨ੍ਹਾਂ ਵਿਦਿਆਰਥੀਆਂ ਵੱਲ ਜ਼ੁਰਮਾਨੇ ਦੇ ਬਕਾਏ/ਫੀਸ/ਫੰਡ ਦਾ ਬਕਾਇਆ/ਲਾਇਬਰੇਰੀ ਦੀਆਂ ਪੁਸਤਕਾਂ ਨਿਕਲਦੀਆਂ ਹੋਣਗੀਆਂ, ਉਹਨਾਂ ਨੂੰ ਪ੍ਰਮਾਣ ਪੱਤਰ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਉਹਨਾਂ ਵਿਰੁੱਧ ਕਾਰਵਾਈ ਵੀ ਕੀਤੀ ਜਾਵੇਗੀ।

## ਮਾਤਾ/ਪਿਤਾ/ਸਰਪ੍ਰਸਤਾਂ ਦੇ ਧਿਆਨ ਰੱਖਣ ਯੋਗ ਗੱਲਾਂ

ਕਾਲਜ ਦੇ ਸਰਵਪੱਖੀ ਵਿਕਾਸ ਅਤੇ ਅਨੁਸਾਸ਼ਨ ਬਣਾਈ ਰੱਖਣ ਲਈ ਵਿਦਿਆਰਥੀਆਂ ਦੇ ਮਾਤਾ/ਪਿਤਾ/ ਸਰਪ੍ਰਸਤ ਪ੍ਰਮੁੱਖ ਰੋਲ ਅਦਾ ਕਰ ਸਕਦੇ ਹਨ। ਉਹ ਹੇਠ ਲਿਖੀਆਂ ਗੱਲਾਂ ਦਾ ਖਾਸ ਧਿਆਨ ਰੱਖਣਗੇ:

1. ਉਹ ਸਮੇਂ-ਸਮੇਂ ਤੇ ਕਾਲਜ ਨਾਲ ਸੰਪਰਕ ਕਰਕੇ ਇਹ ਜਾਣਕਾਰੀ ਜ਼ਰੂਰ ਪ੍ਰਾਪਤ ਕਰਨ ਕਿ ਉਹਨਾਂ ਦੇ ਲੜਕੇ/ਲੜਕੀ ਦੀਆਂ ਹਾਜ਼ਰੀਆਂ, ਐਮ.ਐਸ.ਟੀ. ਦੀ ਸਥਿਤੀ ਅਤੇ ਕਾਲਜ ਅਥਾਰਟੀ ਦੀ ਵਿਦਿਆਰਥੀ ਪ੍ਰਤੀ ਰਾਇ ਕੀ ਹੈ।
2. ਜੇਕਰ ਘਰ ਦੇ ਟੈਲੀਫੋਨ ਜਾਂ ਮੋਬਾਇਲ ਫੋਨ ਵਿੱਚ ਤਬਦੀਲੀ ਆਉਂਦੀ ਹੈ ਤਾਂ ਤੁਰੰਤ ਦਫ਼ਤਰ ਨੂੰ ਸੂਚਿਤ ਕਰਨ।
3. ਜੇਕਰ ਉਹਨਾਂ ਦਾ ਲੜਕਾ/ਲੜਕੀ ਕਿਸੇ ਕਾਰਨ ਕਾਲਜ ਨਹੀਂ ਆ ਰਿਹਾ ਜਾਂ ਕਿਸੇ ਟੀਮ ਨਾਲ ਜਾਂ ਯਾਤਰਾ ਆਦਿ ਤੇ ਗਿਆ ਹੈ ਤਾਂ ਉਹ ਯਕੀਨੀ ਬਣਾਉਣਗੇ ਕਿ ਇਸ ਸਮੇਂ ਦੌਰਾਨ ਜਮ੍ਹਾਂ ਕਰਵਾਈ ਜਾਣ ਵਾਲੀ ਫੀਸ ਜਾਂ ਯੂਨੀਵਰਸਿਟੀ ਦਾਖ਼ਲਾ ਫਾਰਮ ਆਦਿ ਦੀ ਜ਼ਿੰਮੇਵਾਰੀ ਉਹਨਾਂ ਦੀ ਆਪਣੀ ਹੋਵੇਗੀ ਅਤੇ ਜਾਣਕਾਰੀ ਲਈ ਦਫ਼ਤਰ ਨਾਲ ਸੰਪਰਕ ਬਣਾਈ ਰੱਖਣ।

## ਦਾਖ਼ਲ ਹੋ ਚੁੱਕੇ ਵਿਦਿਆਰਥੀਆਂ ਲਈ ਕਾਲਜ ਦੇ ਨਿਯਮ

ਕਾਲਜ ਵਿੱਚ ਦਾਖ਼ਲ ਹੋ ਚੁੱਕੇ ਵਿਦਿਆਰਥੀ ਹੇਠ ਲਿਖੀਆਂ ਗੱਲਾਂ ਦਾ ਖਾਸ ਧਿਆਨ ਰੱਖਣਗੇ, ਜੇਕਰ ਇਹਨਾਂ ਨਿਯਮਾਂ ਦੀ

ਕਿਸੇ ਵਿਦਿਆਰਥੀ ਵੱਲੋਂ ਉਲੰਘਣਾ ਕੀਤੀ ਜਾਂਦੀ ਹੈ ਤਾਂ ਉਸ ਦਾ ਨਾਂ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ :-

1. ਵਿਦਿਆਰਥੀਆਂ ਲਈ ਕਲਾਸ ਰੂਮ ਫਰਨੀਚਰ ਨੂੰ ਘਸੀਟਣ, ਤੋੜਨ, ਬਿਜਲੀ ਦੇ ਸਵਿੱਚ, ਤਾਰਾਂ, ਪੱਖਿਆਂ ਨੂੰ ਛੇੜਨ, ਕੰਧਾਂ ਅਤੇ ਬੈਂਚਾਂ ਤੇ ਲਿਖਣ ਦੀ ਸਖ਼ਤ ਮਨਾਹੀ ਹੈ।
2. ਵਿਦਿਆਰਥੀ ਕਾਲਜ ਵਰਾਂਡਿਆਂ ਵਿੱਚ ਦੌੜਨ, ਕਲਾਸਾਂ ਕੋਲ ਉੱਚੀ ਬੋਲ ਕੇ ਲੰਘਣ, ਦੂਰ ਤੋਂ ਆਵਾਜ ਮਾਰਨ ਅਤੇ ਪੜ੍ਹਾਈ ਵਿੱਚ ਵਿਘਨ ਪਾਉਣ ਤੋਂ ਪੂਰੀ ਤਰ੍ਹਾਂ ਸੰਕੋਚ ਕਰਨ।
3. ਵਿਦਿਆਰਥੀ ਕਾਲਜ ਦੇ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਨੂੰ ਕਾਲਜ ਅਨੁਸਾਸ਼ਨ ਲਈ ਪੂਰਨ ਸਹਿਯੋਗ ਦੇਣ।
4. **ਕੋਈ ਵੀ ਵਿਦਿਆਰਥੀ ਮੋਬਾਇਲ ਫੋਨ (Cell Phone) ਦਾ ਇਸਤੇਮਾਲ ਕਲਾਸ ਰੂਮ ਵਿੱਚ ਨਹੀਂ ਕਰੇਗਾ। ਜੇਕਰ ਜ਼ਰੂਰੀ ਹੋਵੇ ਤਾਂ ਲੜਕੇ ਕੇਵਲ ਕੰਟੀਨ ਵਿੱਚ ਜਾ ਕੇ ਫੋਨ ਸੁਣ ਸਕਦੇ ਹਨ ਅਤੇ ਲੜਕੀਆਂ ਕੇਵਲ ਕਾਮਨ ਰੂਮ ਵਿੱਚ ਜਾ ਕੇ ਹੀ ਫੋਨ ਸੁਣ ਸਕਦੀਆਂ ਹਨ।**
5. ਹਰ ਰੋਜ਼ ਵਿਦਿਆਰਥੀ ਕਾਲਜ ਨੋਟਿਸ ਬੋਰਡ ਤੇ ਲੱਗੇ ਨੋਟਿਸ ਧਿਆਨ ਨਾਲ ਪੜ੍ਹੇ ਅਤੇ ਉਹਨਾਂ ਤੇ ਅਮਲ ਕਰੇ।
6. **ਵਿਦਿਆਰਥੀ ਲਈ ਕਾਲਜ ਕੈਂਪਸ ਵਿੱਚ ਆਊਟ ਸਾਈਡਰ ਨੂੰ ਨਾਲ ਲੈ ਕੇ ਆਉਣ ਦੀ ਸਖ਼ਤ ਮਨਾਹੀ ਹੈ।**
7. ਕਾਲਜ ਵੱਲੋਂ ਪ੍ਰਾਪਤ ਹੋਇਆ ਸ਼ਨਾਖ਼ਤੀ ਕਾਰਡ ਵਿਦਿਆਰਥੀ ਹਰ ਰੋਜ਼ ਆਪਣੇ ਪਾਸ ਰੱਖਣਗੇ ਅਤੇ ਅਨੁਸ਼ਾਸ਼ਨ ਕਮੇਟੀ ਵੱਲੋਂ ਮੰਗਣ ਤੇ ਇਹ ਕਾਰਡ ਦਿਖਾਉਣਾ ਜ਼ਰੂਰੀ ਹੋਵੇਗਾ।
8. ਵਿਦਿਆਰਥੀ ਵੱਲੋਂ ਸਮੇਂ ਸਿਰ ਫੀਸਾਂ ਆਦਿ ਭਰਨੀਆਂ ਬਹੁਤ ਜ਼ਰੂਰੀ ਹਨ ਅਤੇ ਲੇਟ ਹੋਣ ਦੀ ਸੂਰਤ ਵਿੱਚ ਜ਼ੁਰਮਾਨਾ ਲਗਾਇਆ ਜਾਵੇਗਾ।
9. **ਪ੍ਰਿੰਸੀਪਲ ਸਾਹਿਬ ਕੋਲੋਂ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨ੍ਹਾਂ ਕੋਈ ਮੀਟਿੰਗ, ਰੈਲੀ, ਜਲਸਾ ਆਦਿ ਕਾਲਜ ਕੈਂਪਸ ਵਿੱਚ ਨਹੀਂ ਕੀਤਾ ਜਾ ਸਕਦਾ।**
10. ਕਾਲਜ ਕੈਂਪਸ ਵਿੱਚ ਸਿਗਰਟ, ਤੰਬਾਕੂ ਜਾਂ ਸ਼ਰਾਬ ਪੀਣ ਜਾਂ ਕਿਸੇ ਹੋਰ ਨਸ਼ੇ ਦੀ ਵਰਤੋਂ ਕਰਨ ਦੀ ਸਖ਼ਤ ਮਨਾਹੀ ਹੈ।
11. **ਮਾਣਯੋਗ ਸੁਪਰੀਮ ਕੋਰਟ ਅਤੇ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਕਾਲਜਾਂ ਵਿੱਚ ਵਿਦਿਆਰਥੀ ਰੈਗਿੰਗ ਦੀ ਸਖ਼ਤ ਮਨਾਹੀ ਹੈ, ਜੇਕਰ ਕੋਈ ਵੀ ਵਿਦਿਆਰਥੀ ਰੈਗਿੰਗ ਕਰਦਾ ਫੜਿਆ ਗਿਆ ਤਾਂ ਉਸ ਨੂੰ ਤੁਰੰਤ ਕਾਲਜ ਵਿੱਚੋਂ ਕੱਢਿਆ ਜਾਵੇਗਾ ਅਤੇ ਬਣਦੀ ਕਾਰਵਾਈ ਸੰਬੰਧੀ ਪੁਲਿਸ ਵਿਭਾਗ ਨੂੰ ਲਿਖ ਦਿੱਤਾ ਜਾਵੇਗਾ।**

## ਛੁੱਟੀਆਂ, ਪੜ੍ਹਾਈ ਅਤੇ ਪ੍ਰੀਖਿਆਵਾਂ

| | |
|---|---|
| ਕਾਲਜ ਖੁੱਲਣ ਦੀ ਮਿਤੀ | ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ |
| ਗਰਮੀ ਦੀਆਂ ਛੁੱਟੀਆਂ | ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ |
| ਸਰਦੀ ਦੀਆਂ ਛੁੱਟੀਆਂ | ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ |

### **For Odd Semesters** (I,III,V)

| | |
|---|---|
| 1. ਸਮੈਸਟਰਾਂ ਦੀ ਪੜ੍ਹਾਈ | ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ |
| 2. ਪ੍ਰੀਖਿਆਵਾਂ | ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ |

### **For Even Semesters** (II,IV, VI)

| | |
|---|---|
| 3. ਸਮੈਸਟਰਾਂ ਦੀ ਪੜ੍ਹਾਈ | ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ |
| 4. ਪ੍ਰੀਖਿਆਵਾਂ | ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ |

# ਕੋਰੋਨਾ ਸਮੇਂ ਦੌਰਾਨ ਵਿਦਿਆਰਥੀਆਂ ਵੱਲੋਂ ਕੀਤੀਆਂ ਗਤੀਵਿਧੀਆਂ




ਅੰਤਰ-ਰਾਸ਼ਟਰੀ ਵਾਤਾਵਰਣ ਦਿਵਸ




ਅੰਤਰ-ਕਾਲਜ ਮੁਕਾਬਲੇ




ਅੰਤਰ-ਰਾਸ਼ਟਰੀ ਯੋਗਾ ਦਿਵਸ




ਕਰੋਨਾ ਸਬੰਧੀ ਘਰ-ਘਰ ਜਾਗਰੂਕਤਾ ਮੁਹਿੰਮ




ਅੰਤਰ-ਰਾਸ਼ਟਰੀ ਨਸ਼ਾ ਵਿਰੋਧੀ ਦਿਵਸ



ਕਾਲਜ ਦੇ ਸਾਲਾਨਾ ਖੇਡ ਸਮਾਰੋਹ
ਦੌਰਾਨ ਮੈਡਮ ਦਾਮਨ ਥਿੰਦ ਬਾਜਵਾ
(ਹਲਕਾ ਇੰਚਾਰਜ) ਝੰਡਾ ਲਹਿਰਾਉਣ
ਦੀ ਰਸਮ ਅਦਾ ਕਰਦੇ ਹੋਏ

ਸਾਲਾਨਾ ਖੇਡ ਸਮਾਰੋਹ ਦੌਰਾਨ
ਮਾਰਚ ਪਾਸਟ ਵਿੱਚ ਹਿੱਸਾ
ਲੈਂਦੇ ਹੋਏ
ਕਾਲਜ ਦੇ ਵਿਦਿਆਰਥੀ






ਇੰਟਰ ਜੋਨਲ ਯੂਥ ਫੈਸਟਿਵਲ
ਦੌਰਾਨ ਵਾਇਸ ਚਾਂਸਲਰ
ਪੰਜਾਬੀ ਯੂਨੀਵਰਸਿਟੀ ਵਲੋਂ
ਇਨਾਮ ਪ੍ਰਾਪਤ ਕਰਦੇ ਹੋਏ

**(ਫ਼ਾਰਮ ਸਾਫ਼ ਸਾਫ਼ ਭਰੋ, ਕੋਈ ਖ਼ਾਨਾ ਖਾਲੀ ਨਾ ਛੱਡੋ ਅਤੇ ਕਿਸੇ ਵੀ ਖ਼ਾਨੇ ਵਿੱਚ ਕੱਟ ਵੱਢ ਨਾ ਕਰੋ)**

ਦਾਖ਼ਲੇ ਵਾਲੀ ਜਮਾਤ........................................ ਦਾਖ਼ਲੇ ਲਈ ਬਿਨੈ ਪੱਤਰ (ਸੈਸ਼ਨ 2020-21)

# ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ, ਸੁਨਾਮ

ਰੋਲ ਨੰਬਰ.....................
(ਦਫ਼ਤਰ ਦੁਆਰਾ ਭਰਿਆ ਜਾਵੇਗਾ)

ਪਿਛਲੀ ਪ੍ਰੀਖਿਆ ਵਿੱਚ ਪ੍ਰਾਪਤ
ਨੰਬਰਾਂ ਦੀ ਪ੍ਰਤੀਸ਼ਤ...............................

ਵਿਸ਼ੇ ਜੋ ਪੜ੍ਹਨਾ ਚਾਹੁੰਦੇ ਹੋ: 1........................ 2........................ 3........................ 4........................

5................... 6................... 7...............ਫਾਰਮ ਜਮ੍ਹਾਂ ਕਰਵਾਉਣ ਦੀ ਮਿਤੀ................................

**ਕੇਵਲ ਦਫ਼ਤਰੀ ਵਰਤੋਂ ਲਈ**

ਫ਼ਾਰਮ ਵਿੱਚ ਕਮੀਆਂ
1.
2.
3.
4.
5.
ਸਹੀ ਪੜਤਾਲਕਾਰ
(ਪੂਰੀ ਤਰ੍ਹਾਂ ਨਾਲ ਪੜਤਾਲ ਕਰੇ ਬਿਨਾਂ ਸਹੀ ਨਾ ਕਰੋ।)

ਕਲਾਸ ...................... ਰੋਲ ਨੰ: ..................................

ਕੁੱਲ ਰਕਮ.................... ਰਸੀਦ ਨੰ:...............................

ਫੀਸ ਲੈਣ ਵਾਲੇ ਕਰਮਚਾਰੀ

ਮਿਤੀ......................... ਦੇ ਪੂਰੇ ਹਸਤਾਖ਼ਰ.........................

ਮਿਤੀ.........................

**ਕੈਟਾਗਰੀ** ਜਿਸ ਤਹਿਤ ਦਾਖ਼ਲਾ ਲਿਆ ਜਾ ਰਿਹਾ ਹੈ।
ਜਨਰਲ/ਰਾਖਵੀਂ (ਕੈਟਾਗਰੀ ਦਾ ਨਾਂ ਲਿਖਿਆ ਜਾਵੇ)
ਘੱਟ ਗਿਣਤੀਆਂ :- ਸਿੱਖ☐ ਮੁਸਲਮਾਨ☐ ਇਸਾਈ☐ ਬੋਧੀ☐ ਜੈਨੀ☐ ਪਾਰਸੀ☐

ਸਵੈ-ਤਸਦੀਕਸ਼ੁਦਾ ਫੋਟੋ ਇਸ ਥਾਂ ਤੇ ਚਿਪਕਾਈ ਜਾਵੇ

1. ਵਿਦਿਆਰਥੀ ਦਾ ਨਾਂ ...........................................ਕੌਮੀਅਤ...........................................ਲੜਕਾ/ਲੜਕੀ..........
2. (ੳ) ਪਿਤਾ ਦਾ ਨਾਂ ...........................................ਕਿੱਤਾ........................................... ਪਰਿਵਾਰ ਦੀ ਕੁੱਲ ਸਾਲਾਨਾ ਆਮਦਨ
   (ਅ) ਮਾਤਾ ਦਾ ਨਾਂ...........................................ਕਿੱਤਾ...........................................(...................................)
3. ਜਨਮ ਮਿਤੀ (ਅੱਖਰਾਂ ਵਿੱਚ)...........................................(ਸ਼ਬਦਾਂ ਵਿੱਚ)...........................................
4. ਯੂਨੀਵਰਸਿਟੀ ਰਜਿਸਟਰੇਸ਼ਨ ਨੰਬਰ (ਰਜਿਸਟਰਡ ਹੋ ਚੁੱਕੇ ਵਿਦਿਆਰਥੀਆਂ ਲਈ)
5. ਘਰ ਦਾ ਪੂਰਾ ਪੱਕਾ ਪਤਾ
6. ਪਿਤਾ/ਸਰਪ੍ਰਸਤ ਦਾ ਰਿਹਾਇਸ਼ੀ ਪੂਰਾ ਪਤਾ
7. ਟੈਲੀਫੋਨ ਨੰ: ਈ-ਮੇਲ (ਵਿਦਿਆਰਥੀ): ਆਧਾਰ ਕਾਰਡ ਨੰ. ਬਲੱਡ ਗਰੁੱਪ :
8. ਸਾਈਕਲ/ਸਕੂਟਰ ਦਾ ਨੰਬਰ, ਜਿਹੜਾ ਕਾਲਜ ਲੈ ਕੇ ਆਉਣਾ ਹੋਵੇ (ਫ਼ੀਸ ਭਰਨ ਉਪਰੰਤ ਤੁਰੰਤ ਕਾਲਜ ਵਿੱਚੋਂ ਟੋਕਨ ਨੰ: ਲਗਵਾਇਆ ਜਾਵੇ ਅਤੇ ਬਿਨ੍ਹਾਂ ਜਿੰਦਰੇ ਵਾਲਾ ਸਾਈਕਲ/ਸਕੂਟਰ ਗੁੰਮ ਹੋਣ ਤੇ ਕਾਲਜ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।
9. ਕੀ ਤੁਸੀਂ ਅਨੁਸੂਚਿਤ ਜਾਤੀ, ਪੱਛੜੀ ਸ਼੍ਰੇਣੀ ਜਾਂ ਕਿਸੇ ਹੋਰ ਘੱਟ ਗਿਣਤੀ ਨਾਲ ਹੋਣ ਕਰਕੇ ਵਜੀਫਾ ਪ੍ਰਾਪਤ ਕਰਨਾ ਚਾਹੁੰਦੇ ਹੋ? ਜੇ ਹਾਂ ਤਾਂ ਪੂਰਾ ਵੇਰਵਾ ਦਿਉ। (ਪੁਸ਼ਟੀ ਲਈ ਪ੍ਰਮਾਣਿਤ ਪ੍ਰੋਫਾਰਮੇ ਤੇ ਯੋਗ ਅਧਿਕਾਰੀ ਤੋਂ ਸਰਟੀਫਿਕੇਟ ਲੈ ਕੇ ਨੱਥੀ ਕਰੋ)
10. ਪਾਸ ਕੀਤੀਆਂ ਪ੍ਰੀਖਿਆਵਾਂ ਦਾ ਵੇਰਵਾ :-

| ਪ੍ਰੀਖਿਆ ਦਾ ਨਾਂ | ਪਾਸ ਕਰਨ ਦਾ ਸਾਲ | ਰੋਲ ਨੰ: | ਡਿਵੀਜਨ | ਕੁੱਲ ਅੰਕ | ਪ੍ਰਾਪਤ ਕੀਤੇ ਗਏ ਅੰਕ ਅਤੇ ਪ੍ਰਤੀਸ਼ਤ | ਸਕੂਲ/ਕਾਲਜ ਦਾ ਨਾਂ ਜਿਥੋਂ ਪਾਸ ਕੀਤਾ ਹੈ | ਬੋਰਡ/ਯੂਨੀਵਰਸਿਟੀ ਜਿਥੋਂ ਪਾਸ ਕੀਤਾ ਹੈ | ਵਿਸ਼ੇ (ਜੋ ਪੜ੍ਹੇ ਹਨ) |
|---|---|---|---|---|---|---|---|---|
| ਦਸਵੀਂ | | | | | | | | |
| ਐਸ. ਐਸ. ਸੀ-11 (10+2) ਗਰੁੱਪ ........................ | | | | | | | | |
| ਬੀ. ਏ/ਬੀ.ਐਸ.ਸੀ/ਬੀ.ਕਾਮ. ਭਾਗ ਪਹਿਲਾ | | | | | | | | |
| ਬੀ. ਏ/ਬੀ.ਐਸ.ਸੀ/ਬੀ.ਕਾਮ. ਭਾਗ ਦੂਜਾ | | | | | | | | |
| ਬੀ.ਏ/ਬੀ.ਐਸ.ਸੀ/ਬੀ.ਕਾਮ. ਭਾਗ ਤੀਜਾ | | | | | | | | |
| ਐਮ.ਏ. ਭਾਗ ਪਹਿਲਾ ਇਤਿਹਾਸ | | | | | | | | |
| ਕੋਈ ਹੋਰ ਪ੍ਰੀਖਿਆ | | | | | | | | |

ਨਾਂ ...........................................ਪਿਤਾ ਦਾ ਨਾਂ........................................... ਕਲਾਸ..............................

ਫਾਰਮ ਨੰ:________________ ਮਿਤੀ________________ ਪ੍ਰਾਪਤ ਕਰਤਾ ਦੇ ਦਸਤਖ਼ਤ

11. ਇਸ ਕਾਲਜ ਦੇ ਪਿਛਲੇ ਸਾਲ ਵਾਲੇ ਵਿਦਿਆਰਥੀ ਲਈ, ਜਮਾਤ..................ਰੋਲ ਨੰ:...................... ਸਾਲ................

12. ਕੀ ਤੁਸੀਂ ਕਿਸੇ ਯੂਨੀਵਰਸਿਟੀ ਪ੍ਰੀਖਿਆ ਵਿੱਚ ਫੇਲ ਹੋਏ ਹੋ? ਜੇ ਹਾਂ, ਤਾਂ ਲਿਖੋ :- ਸਾਲ.....................ਮਹੀਨਾ.....................
ਪ੍ਰੀਖਿਆ..............................ਰੋਲ ਨੰ:...................................ਯੂਨੀਵਰਸਿਟੀ.......................................

13. ਕੀ ਤੁਹਾਨੂੰ ਕਦੇ ਬੁਰੇ ਆਚਰਨ ਲਈ ਕਾਲਜ/ਬੋਰਡ/ਯੂਨੀਵਰਸਿਟੀ ਪ੍ਰੀਖਿਆ ਵਿੱਚ ਅਯੋਗ ਕਰਾਰ ਦਿੱਤਾ ਗਿਆ ਹੈ ? ਜੇ ਹਾਂ. ਤਾਂ ਲਿਖੋ
ਕਾਲਜ/ਯੂਨੀਵਰਸਿਟੀ/ਬੋਰਡ ........................ਸਾਲ .........................ਜਮਾਤ.................ਰੋਲ ਨੰ:....................

14. ਤੁਹਾਨੂੰ ਕਿਹੜਾ ਰੇਲਵੇ ਸਟੇਸ਼ਨ/ਬੱਸ ਸਟੈਂਡ ਨੇੜੇ ਪੈਂਦਾ ਹੈ (ਸਾਫ਼ ਲਿਖੋ)

15. ਕੋਈ ਵਿਸ਼ੇਸ਼ ਪ੍ਰਾਪਤੀ/ਮੈਰਿਟ

## ਬਿਆਨ

ਮੈਂ ਇਹ ਫਾਰਮ ਭਰਨ ਤੋਂ ਪਹਿਲਾਂ ਪ੍ਰਾਸਪੈਕਟਸ (ਸੂਚਨਾ ਪੁਸਤਕ) ਚੰਗੀ ਤਰ੍ਹਾਂ ਪੜ੍ਹ ਲਿਆ ਹੈ। ਮੈਂ ਕਾਲਜ/ਯੂਨੀਵਰਸਿਟੀ ਦੇ ਸਾਰੇ ਨਿਯਮਾਂ ਨੂੰ ਮੰਨਣ ਦਾ ਇਕਰਾਰ ਕਰਦਾ/ਕਰਦੀ ਹਾਂ ਕਿ ਕਦੇ ਕਿਸੇ ਅਜਿਹੀ ਕਾਰਵਾਈ ਵਿੱਚ ਹਿੱਸਾ ਨਹੀ ਲਵਾਂਗਾ/ਲਵਾਂਗੀ, ਜਿਹੜੀ ਕਾਲਜ/ਪ੍ਰਸ਼ਾਸਨ ਦੇ ਅਨੁਸਾਰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਕਾਲਜ ਦਾ ਅਨੁਸ਼ਾਸ਼ਨ ਭੰਗ ਕਰੇ। **ਮਾਣਯੋਗ ਸੁਪਰੀਮ ਕੋਰਟ ਅਤੇ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਰੈਗਿੰਗ ਨਾ ਕਰਨ ਦਾ ਪਾਬੰਦ ਹੋਵਾਂਗਾ/ਹੋਵਾਂਗੀ।** ਮੈਂ ਇਹ ਸਮਝਦਾ/ਸਮਝਦੀ ਹਾਂ ਕਿ ਮੈਨੂੰ ਆਪਣੀ ਪੜ੍ਹਾਈ ਕਾਲਜ ਵਿੱਚ ਉਪਲਬਧ ਸਹੂਲਤਾਂ ਵਿੱਚ ਹੀ ਕਰਨੀ ਪਵੇਗੀ ਅਤੇ ਮੇਰੇ ਲਈ ਪੜ੍ਹਾਈ ਦਾ ਕੋਈ ਵੱਖਰਾ ਪ੍ਰਬੰਧ ਨਹੀਂ ਕੀਤਾ ਜਾਵੇਗਾ। ਇਸ ਫ਼ਾਰਮ ਵਿੱਚ ਦਰਜ ਸਾਰੇ ਇੰਦਰਾਜ ਸਹੀ ਹਨ। ਇਹ ਇੰਦਰਾਜ ਗਲਤ ਸਿੱਧ ਹੋਣ ਦੀ ਸੂਰਤ ਵਿੱਚ ਮੇਰਾ ਦਾਖਲਾ ਰੱਦ ਕਰ ਦਿੱਤੇ ਜਾਣ ਤੇ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਮੈਂ ਕਾਲਜ ਤੋਂ ਨਿੱਜੀ ਤੌਰ ਤੇ ਸਤੰਬਰ/ਮਾਰਚ ਮਹੀਨਿਆਂ ਵਿੱਚ ਵਿੱਦਿਅਕ ਪ੍ਰਗਤੀ ਅਤੇ ਹਾਜ਼ਰੀਆਂ ਸੰਬੰਧੀ ਜਾਣਕਾਰੀ ਪ੍ਰਾਪਤ ਕਾਰਨ ਦਾ ਪਾਬੰਦ ਹੋਵਾਂਗਾ/ਹੋਵਾਂਗੀ। ਐਮ.ਐਸ.ਟੀ. ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਜਾਂ ਨਿਰਧਾਰਿਤ ਹਾਜ਼ਰੀਆਂ ਨਾ ਹੋਣ ਕਾਰਨ ਜੇ ਮੈਨੂੰ ਪ੍ਰੀਖਿਆ ਵਿੱਚ ਬੈਠਣ ਨਾਂ ਦਿੱਤਾ ਗਿਆ ਤਾਂ ਮੈਨੂੰ ਕਿਸੇ ਪ੍ਰਕਾਰ ਦਾ ਵੀ ਇਤਰਾਜ਼ ਨਹੀਂ ਹੋਵੇਗਾ।

ਮਿਤੀ.......................    ਪਿਤਾ/ਸਰਪ੍ਰਸਤ ਦੇ ਹਸਤਾਖ਼ਰ    ਪ੍ਰਾਰਥਕ ਦੇ ਹਸਤਾਖ਼ਰ

**(ਨੋਟ :- ਬਿਨ੍ਹਾਂ ਹਸਤਾਖ਼ਰਾਂ ਤੋਂ ਇਹ ਦਾਖ਼ਲਾ ਫਾਰਮ ਰੱਦ ਕਰ ਦਿੱਤਾ ਜਾਵੇਗਾ)**

ਦਾਖ਼ਲਾ ਕਮੇਟੀ ਦੀਆਂ ਸਿਫ਼ਾਰਸ਼ਾਂ :-    ਦਸਤਖ਼ਤ ਕਮੇਟੀ ਮੈਂਬਰ

1. **ਪ੍ਰਮਾਣ ਪੱਤਰ ਠੀਕ ਹਨ** ..............................................
2. **ਦਾਖ਼ਲਾ ਫਾਰਮ ਠੀਕ ਭਰਿਆ ਹੈ** ..............................................
3. **ਦਾਖ਼ਲ ਹੋਣ ਦੀ ਯੋਗਤਾ ਰੱਖਦਾ ਹੈ** ..............................................

(ਨੋਟ : - ਸਾਰੇ ਖ਼ਾਨੇ ਚੰਗੀ ਤਰ੍ਹਾਂ ਚੈਕ ਕਰਕੇ ਹੀ ਸਿਫ਼ਾਰਸ਼ ਕੀਤੀ ਜਾਵੇ।)

ਕਨਵੀਨਰ ਦਾਖ਼ਲਾ ਕਮੇਟੀ    ਪ੍ਰਿੰਸੀਪਲ

1. ਜਨਮ ਮਿਤੀ ਦੇ ਸਬੂਤ ਲਈ ਇਸ ਬਿਨੈ-ਪੱਤਰ ਨਾਲ ਦਸਵੀਂ/ਹਾਇਰ ਸੈਕੰਡਰੀ ਦੇ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ ਲਾਈ ਜਾਵੇ।
2. ਸਕੂਲ ਜਾਂ ਕਿਸੇ ਹੋਰ ਕਾਲਜ ਤੋਂ ਆਉਣ ਵਾਲੇ ਵਿਦਿਆਰਥੀ ਆਪਣੇ ਆਚਰਣ ਪੱਤਰ (Character Certificate) ਦੀ ਤਸਦੀਕਸ਼ੁਦਾ ਕਾਪੀ ਨਾਲ ਲਗਾਉਣ।
3. ਪਿਛਲੇ ਪਾਸ ਕੀਤੇ ਇਮਤਿਹਾਨਾਂ ਦੇ ਹਰ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਨਾਲ ਲਾਈ ਜਾਵੇ।
4. ਯੋਗਤਾ ਸਰਟੀਫਿਕੇਟ/ਪਾਤਰਤਾ ਸਰਟੀਫਿਕੇਟ ਲੋੜ ਅਨੁਸਾਰ ਬੋਰਡ/ਯੂਨੀਵਰਸਿਟੀ ਤੋਂ ਲੈ ਕੇ ਨਾਲ ਲਗਾਇਆ ਜਾਵੇ।
5. ਕੇਵਲ ਪਹਿਲੇ ਸਾਲ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਵੱਲੋਂ ਬਲੱਡ ਗਰੁੱਪ ਸਰਟੀਫਿਕੇਟ ਦੀ ਕਾਪੀ ਨਾਲ ਨੱਥੀ ਕੀਤੀ ਜਾਵੇ।